## ਫੜਿਆ ਗਿਆ ਅਦਾਲਤਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਦੇਣ ਵਾਲਾ

ਨਵੀਂ ਦਿੱਲੀ, 29 ਮਾਰਚ (ਪ੍ਰਤੀਨਿਧੀ) : ਦੇਸ਼ ਦੀਆਂ ਸਰਕਾਰੀ ਇਮਾਰਤਾਂ, ਸਕੂਲਾਂ ਅਤੇ ਅਦਾਲਤਾਂ ਨੂੰ ਈਮੇਲ ਰਾਹੀਂ ਬੰਬ ਨਾਲ ਉਡਾਉਣ ਦੀਆਂ ਝੂਠੀਆਂ ਧਮਕੀਆਂ ਭੇਜ ਕੇ ਦਹਿਸ਼ਤ ਫੈਲਾਉਣ ਵਾਲੇ ਇੱਕ ਵਿਅਕਤੀ ਨੂੰ ਦਿੱਲੀ ਪੁਲਸ ਨੇ ਮੈਸੂਰ ਤੋਂ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਸ਼੍ਰੀਨਿਵਾਸ ਵਜੋਂ ਹੋਈ ਹੈ। ਉਹ ਮੈਸੂਰ ਦੇ ਬ੍ਰਿੰਦਾਵਨ ਲੇਆਉਟ ਸਥਿਤ ਇੱਕ ਘਰ ਤੋਂ ਆਪਣਾ ਨੈੱਟਵਰਕ ਚਲਾ ਰਿਹਾ ਸੀ।


ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com DAILY CHARHDIKALA, NEW DELHI Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ  ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ'  ਸੰਪਾਦਕ : ਜਸਕੀਰਤ ਸਿੰਘ


## ਨੇਪਾਲ 'ਚ ਲੱਗੇ ਭੂਚਾਲ ਦੇ ਝਟਕੇ

ਕਾਠਮੰਡੂ, 29 ਮਾਰਚ (ਪ੍ਰਤੀਨਿਧੀ) : ਨੇਪਾਲ ਦੇ ਸਿੰਧੂ ਪਾਲਚੋਕ ਜ਼ਿਲ੍ਹੇ ਵਿੱਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਜਿਨ੍ਹਾਂ ਦੀ ਰਿਕਟਰ ਸਕੇਲ 'ਤੇ ਤੀਬਰਤਾ 4.5 ਮਾਪੀ ਗਈ। ਰਾਸ਼ਟਰੀ ਭੂਚਾਲ ਨਿਗਰਾਨੀ ਅਤੇ ਖੋਜ ਕੇਂਦਰ ਅਨੁਸਾਰ ਇਸ ਭੂਚਾਲ ਦਾ ਮੁੱਖ ਕੇਂਦਰ ਰਾਜਧਾਨੀ ਕਾਠਮੰਡੂ ਤੋਂ ਕਰੀਬ 80 ਕਿਲੋਮੀਟਰ ਦੂਰ ਉੱਤਰ-ਪੂਰਬ ਵਿੱਚ ਸਥਿਤ ਨੁਲਥਾਲਾ ਖੜਕਾ ਇਲਾਕਾ ਸੀ।

ਰਾਹਤ ਦੀ ਗੱਲ ਇਹ ਰਹੀ ਕਿ ਇਸ ਭੂਚਾਲ ਕਾਰਨ ਹੁਣ ਤੱਕ ਕਿਸੇ ਵੀ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਖ਼ਬਰ ਨਹੀਂ ਮਿਲੀ ਹੈ।


PRGI (RNI) Regd. No. 57283/1994 ਸਾਲ/ year 31 ਅੰਕ ਨੰ. Volume No : 87 ਨਵੀਂ ਦਿੱਲੀ, ਸੋਮਵਾਰ 30 ਮਾਰਚ, 2026, Monday 30 March, 2026 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936


### ਸੁਪਰੀਮ ਕੋਰਟ ਨੇ ਹਾਈ ਕੋਰਟਾਂ ਨੂੰ ਪਾਈ ਝਾੜ !

## ਜਬਰ-ਜ਼ਿਨਾਹ ਪੀੜਤਾਂ ਦੀ ਪਛਾਣ ਉਜਾਗਰ ਕਰਨ 'ਤੇ ਦਿਖਾਈ ਸਖ਼ਤੀ

ਨਵੀਂ ਦਿੱਲੀ, 29 ਮਾਰਚ (ਪ੍ਰਤੀਨਿਧੀ) : ਸੁਪਰੀਮ ਕੋਰਟ ਨੇ ਜਬਰ-ਜ਼ਿਨਾਹ ਦੇ ਮਾਮਲਿਆਂ 'ਚ ਪੀੜਤ ਕੁੜੀਆਂ ਦੀ ਪਛਾਣ ਉਜਾਗਰ ਕੀਤੇ ਜਾਣ ਦੀ 'ਸਖ਼ਤ ਨਿਖੇਧੀ' ਕੀਤੀ ਹੈ। ਅਦਾਲਤ ਨੇ ਦੇਸ਼ ਦੀਆਂ ਸਾਰੀਆਂ ਹਾਈ ਕੋਰਟਾਂ ਨੂੰ ਵਿਸ਼ੇਸ਼ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਇਹ ਯਕੀਨੀ ਬਣਾਉਣ ਕਿ ਅਦਾਲਤੀ ਹੁਕਮਾਂ 'ਚ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਨਾਵਾਂ ਦਾ ਜ਼ਿਕਰ ਬਿਲਕੁਲ ਨਾ ਕੀਤਾ ਜਾਵੇ।



**ਪਛਾਣ ਗੁਪਤ ਰੱਖਣਾ ਕਾਨੂੰਨੀ ਜ਼ਿੰਮੇਵਾਰੀ**

ਜਸਟਿਸ ਸੰਜੇ ਕਰੋਲ ਅਤੇ ਜਸਟਿਸ ਐੱਨ. ਕੋਟਿਸ਼ਵਰ ਸਿੰਘ ਦੀ ਬੈਂਚ ਨੇ 2018 ਦੇ 'ਨਿਪੁਨ ਸਕਸੈਨਾ' ਮਾਮਲੇ ਦੇ ਫੈਸਲੇ ਨੂੰ ਦੁਹਰਾਇਆ, ਜਿਸ 'ਚ ਕਿਹਾ ਗਿਆ ਸੀ ਕਿ ਕੋਈ ਵੀ ਵਿਅਕਤੀ ਪ੍ਰਿੰਟ, ਇਲੈਕਟ੍ਰਾਨਿਕ ਜਾਂ ਸੋਸ਼ਲ ਮੀਡੀਆ ਰਾਹੀਂ ਪੀੜਤ ਦਾ ਨਾਮ ਪ੍ਰਕਾਸ਼ਿਤ ਜਾਂ ਪ੍ਰਸਾਰਿਤ ਨਹੀਂ ਕਰ ਸਕਦਾ। ਅਦਾਲਤ ਨੇ ਕਿਹਾ ਕਿ ਅਜਿਹੇ ਤੱਥ ਉਜਾਗਰ ਨਹੀਂ ਕੀਤੇ ਜਾਣੇ ਚਾਹੀਦੇ ਜਿਸ ਨਾਲ ਪੀੜਤ ਦੀ ਪਛਾਣ ਆਮ ਜਨਤਾ ਨੂੰ ਪਤਾ ਲੱਗ ਸਕੇ।

**ਅਦਾਲਤਾਂ ਦੀ ਲਾਪਰਵਾਹੀ 'ਤੇ ਚੁੱਕੇ ਸਵਾਲ**

ਬੈਂਚ ਨੇ ਅਫਸੋਸ ਜਤਾਇਆ ਕਿ ਕਾਨੂੰਨ 'ਚ ਇਹ ਨਿਯਮ ਕਾਫੀ ਸਮੇਂ ਤੋਂ ਮੌਜੂਦ ਹੈ, ਪਰ ਵਿਵਹਾਰ 'ਚ ਇਸ ਦੀ ਠੀਕ ਤਰ੍ਹਾਂ ਪਾਲਣਾ ਨਹੀਂ ਹੋ ਰਹੀ। ਅਦਾਲਤ ਅਨੁਸਾਰ ਇਸ ਦੇ ਪਿੱਛੇ ਮੁੱਖ ਕਾਰਨ ਹੇਠਲੀਆਂ ਅਦਾਲਤਾਂ ਦੀ ਲਾਪਰਵਾਹੀ ਅਤੇ ਅਜਿਹੇ ਅਪਰਾਧਾਂ ਨਾਲ ਜੁੜੇ ਡੂੰਘੇ ਸਮਾਜਿਕ ਕਲੰਕ ਪ੍ਰਤੀ ਜਾਗਰੂਕਤਾ ਦੀ ਘਾਟ ਹੈ।

**ਹਿਮਾਚਲ ਹਾਈ ਕੋਰਟ ਦਾ ਹੁਕਮ ਰੱਦ**

ਇਹ ਟਿੱਪਣੀਆਂ ਸੁਪਰੀਮ ਕੋਰਟ ਨੇ ਹਿਮਾਚਲ ਪ੍ਰਦੇਸ਼ ਹਾਈ ਕੋਰਟ ਦੇ ਇਕ ਆਦੇਸ਼ ਨੂੰ ਰੱਦ ਕਰਦੇ ਹੋਏ ਕੀਤੀਆਂ। ਉਸ ਮਾਮਲੇ 'ਚ ਇਕ 9 ਸਾਲਾ ਕੁੜੀ ਨਾਲ ਹੋਏ ਜਬਰ-ਜ਼ਿਨਾਹ ਦੇ ਦੋਸ਼ੀ ਦੀ ਸਜ਼ਾ ਨੂੰ ਉਲਟ ਦਿੱਤਾ ਗਿਆ ਸੀ। ਸੁਪਰੀਮ ਕੋਰਟ ਨੇ ਨਾਰਾਜ਼ਗੀ ਜਤਾਈ ਕਿ ਉਸ ਮਾਮਲੇ 'ਚ ਪੀੜਤਾ ਦੇ ਨਾਮ ਨੂੰ ਕਿਸੇ ਹੋਰ ਆਮ ਗਵਾਹ ਵਾਂਗ ਵਰਤਿਆ ਗਿਆ ਸੀ, ਜੋ ਕਿ ਬਿਲਕੁਲ ਗਲਤ ਹੈ।

**ਸਮਾਜਿਕ ਬਾਈਕਾਟ ਤੋਂ ਬਚਾਉਣ ਦੀ ਕੋਸ਼ਿਸ਼**

ਅਦਾਲਤ ਨੇ ਯਾਦ ਦਿਵਾਇਆ ਕਿ 1983 'ਚ ਭਾਰਤੀ ਦੰਡ ਸੰਹਿਤਾ (ਆਈ.ਪੀ.ਸੀ.) 'ਚ ਧਾਰਾ 228ਏ ਇਸੇ ਮਕਸਦ ਲਈ ਜੋੜੀ ਗਈ ਸੀ ਤਾਂ ਜੋ ਪੀੜਤਾਂ ਨੂੰ ਸਮਾਜਿਕ ਕਲੰਕ, ਬਾਈਕਾਟ ਅਤੇ ਉਮਰ ਭਰ ਦੀ ਬਦਨਾਮੀ ਤੋਂ ਬਚਾਇਆ ਜਾ ਸਕੇ। ਅਦਾਲਤ ਨੇ ਸਪੱਸ਼ਟ ਕੀਤਾ ਕਿ ਪੀੜਤਾ ਦੀ ਪਛਾਣ ਜਨਤਕ ਹੋਣਾ ਉਸ ਦੀ ਮਾਣ-ਮਰਿਆਦਾ ਲਈ ਵੱਡਾ ਖਤਰਾ ਹੈ।

### ਪ੍ਰਧਾਨ ਮੰਤਰੀ ਵੱਲੋਂ 'ਮਨ ਕੀ ਬਾਤ'

# ਪੱਛਮੀ ਏਸ਼ੀਆ ਦੇ ਸੰਕਟ 'ਤੇ ਸਿਆਸਤ ਨਾ ਕਰਨ ਸਿਆਸੀ ਪਾਰਟੀਆਂ: ਮੋਦੀ

### ਵਿਸ਼ਵ ਪੱਧਰੀ ਤੇਲ ਸੰਕਟ ਦਾ ਖ਼ਦਸ਼ਾ; ਖਾੜੀ ਦੇਸ਼ਾਂ 'ਚ ਰਹਿੰਦੇ 1 ਕਰੋੜ ਭਾਰਤੀਆਂ ਦੀ ਸੁਰੱਖਿਆ ਨੂੰ ਦੱਸਿਆ ਅਹਿਮ

ਨਵੀਂ ਦਿੱਲੀ, 29 ਮਾਰਚ (ਪ੍ਰਤੀਨਿਧੀ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਆਪਣੇ 'ਮਨ ਕੀ ਬਾਤ' ਪ੍ਰੋਗਰਾਮ ਦੇ 132ਵੇਂ ਐਪੀਸੋਡ ਵਿੱਚ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਅ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਇਸ ਗੰਭੀਰ ਸੰਕਟ 'ਤੇ ਸਿਆਸੀ ਰੋਟੀਆਂ ਸੇਕਣ ਤੋਂ ਗੁਰੇਜ਼ ਕੀਤਾ ਜਾਵੇ।



ਪ੍ਰਧਾਨ ਮੰਤਰੀ ਨੇ ਚਿਤਾਵਨੀ ਦਿੱਤੀ ਕਿ ਇਸ ਜੰਗ ਕਾਰਨ ਪੂਰੀ ਦੁਨੀਆ ਵਿੱਚ ਪੈਟਰੋਲ ਅਤੇ ਡੀਜ਼ਲ ਦਾ ਵੱਡਾ ਸੰਕਟ ਪੈਦਾ ਹੋ ਸਕਦਾ ਹੈ, ਜਿਸ ਦਾ ਅਸਰ ਭਾਰਤ 'ਤੇ ਵੀ ਪਵੇਗਾ। ਉਨ੍ਹਾਂ ਕਿਹਾ ਕਿ 140 ਕਰੋੜ ਭਾਰਤੀਆਂ ਦੀ ਭਲਾਈ ਨਾਲ ਜੁੜੇ ਮੁੱਦਿਆਂ ਨੂੰ ਸਿਆਸਤ ਤੋਂ ਉੱਪਰ ਰੱਖਣਾ ਚਾਹੀਦਾ ਹੈ।ਪ੍ਰਧਾਨ ਮੰਤਰੀ ਨੇ ਦੱਸਿਆ ਕਿ ਖਾੜੀ ਦੇਸ਼ਾਂ ਵਿੱਚ ਇੱਕ ਕਰੋੜ ਤੋਂ ਵੱਧ ਭਾਰਤੀ ਰਹਿ ਰਹੇ ਹਨ ਅਤੇ ਲੱਖਾਂ ਭਾਰਤੀ ਪਰਿਵਾਰਾਂ ਦੇ ਰਿਸ਼ਤੇਦਾਰ ਉੱਥੇ ਕੰਮ ਕਰਦੇ ਹਨ। ਉਨ੍ਹਾਂ ਨੇ ਸੰਕਟ ਦੇ ਇਸ ਸਮੇਂ ਵਿੱਚ ਭਾਰਤੀ ਨਾਗਰਿਕਾਂ ਦੀ ਮਦਦ ਕਰਨ ਲਈ ਖਾੜੀ ਦੇਸ਼ਾਂ ਦਾ ਧੰਨਵਾਦ ਵੀ ਕੀਤਾ।

ਉਨ੍ਹਾਂ ਨੇ ਭਰੋਸਾ ਦਿੱਤਾ ਕਿ ਪਿਛਲੇ ਇੱਕ ਦਹਾਕੇ ਵਿੱਚ ਭਾਰਤ ਨੇ ਜੋ ਵਿਸ਼ਵ ਪੱਧਰੀ ਸਾਂਝੇਦਾਰੀ ਅਤੇ ਸਮਰੱਥਾ ਬਣਾਈ ਹੈ, ਉਸ ਦੀ ਮਦਦ ਨਾਲ ਦੇਸ਼ ਇਨ੍ਹਾਂ ਬਾਹਰੀ ਚੁਣੌਤੀਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਨਾਗਰਿਕਾਂ ਨੂੰ ਇਕਜੁੱਟ ਰਹਿਣ ਦਾ ਸੱਦਾ ਦਿੱਤਾ ਤਾਂ ਜੋ ਉੱਭਰ ਰਹੀਆਂ ਚੁਣੌਤੀਆਂ 'ਤੇ ਜਿੱਤ ਪ੍ਰਾਪਤ ਕੀਤੀ ਜਾ ਸਕੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਵਾਸੀਆਂ ਨੂੰ ਫਿਟਨੈੱਸ 'ਤੇ ਧਿਆਨ ਦੇਣ ਅਤੇ ਯੋਗ ਨੂੰ ਜੀਵਨ ਦਾ ਹਿੱਸਾ ਬਣਾਉਣ ਦੀ ਅਪੀਲ ਕੀਤੀ। ਪੀ.ਐੱਮ. ਮੋਦੀ ਨੇ ਕਿਹਾ ਕਿ ਅੰਤਰਰਾਸ਼ਟਰੀ ਯੋਗ ਦਿਵਸ 'ਚ ਹੁਣ 100 ਦਿਨਾਂ ਤੋਂ ਵੀ ਘੱਟ ਸਮਾਂ ਬਚਿਆ ਹੈ ਅਤੇ ਪੂਰੀ ਦੁਨੀਆ 'ਚ ਯੋਗ ਦੇ ਪ੍ਰਤੀ ਆਕਰਸ਼ਨ ਲਗਾਤਾਰ ਵਧ ਰਿਹਾ ਹੈ। ਪੀ.ਐੱਮ. ਨੇ ਦੱਸਿਆ ਕਿ ਅਫਰੀਕਾ ਦੇ ਜਿਬੂਤੀ 'ਚ ਅਲਮਿਸ ਨਾਂ ਦਾ ਵਿਅਕਤੀ ਆਪਣੇ 'ਅਰਵਿੰਦ ਯੋਗ ਸੈਂਟਰ' ਦੇ ਮਾਧਿਅਮ ਨਾਲ ਯੋਗ ਦਾ ਪ੍ਰਚਾਰ ਕਰ ਰਿਹਾ ਹੈ ਅਤੇ ਵੱਖ-ਵੱਖ ਥਾਵਾਂ 'ਤੇ ਲੋਕਾਂ ਨੂੰ ਯੋਗ ਸਿਖਾ ਰਿਹਾ ਹੈ। ਪੀ.ਐੱਮ. ਮੋਦੀ ਨੇ ਲੋਕਾਂ ਨੂੰ ਖਾਣ-ਪੀਣ 'ਚ ਸੁਧਾਰ ਲਿਆਉਣ ਦੀ ਵੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਕਈ ਲੋਕਾਂ ਨੇ ਇੰਟਾਗ੍ਰਾਮ ਕੰਟੈਂਟ ਕ੍ਰਿਏਟਰ ਯੁਵਰਾਜ ਦੁਆ ਦੇ ਪੋਸਟ 'ਤੇ ਉਨ੍ਹਾਂ ਦੀ ਪ੍ਰਤੀਕਿਰਿਆ ਨੂੰ ਲੈ ਕੇ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਯੁਵਰਾਜ ਦੁਆ ਨੇ ਉਨ੍ਹਾਂ ਨੂੰ ਆਪਣੇ ਪਿਤਾ ਨੂੰ ਖੰਡ ਘੱਟ ਕਰਨ ਲਈ ਪ੍ਰੇਰਿਤ ਕਰਨ ਦੀ ਅਪੀਲ ਕੀਤੀ ਸੀ, ਜਿਸ ਦਾ ਸਕਾਰਾਤਮਕ ਅਸਰ ਦੇਖਣ ਨੂੰ ਮਿਲਿਆ। ਪੀਐੱਮ ਮੋਦੀ ਨੇ ਦੇਸ਼ ਵਾਸੀਆਂ ਨੂੰ ਖੰਡ ਦਾ ਸੇਵਨ ਘੱਟ ਕਰਨ ਦੀ ਅਪੀਲ ਕੀਤੀ ਅਤੇ ਖਾਣੇ ਦੇ ਤੇਲ 'ਚ ਘੱਟੋ-ਘੱਟ 10 ਫੀਸਦੀ ਦੀ ਕਟੌਤੀ ਕਰਨ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਤਬਦੀਲੀਆਂ ਮੋਟਾਪਾ ਅਤੇ ਜੀਵਨਸ਼ੈਲੀ ਨਾਲ ਜੁੜੀਆਂ ਬੀਮਾਰੀਆਂ ਤੋਂ ਬਚਾਉਣ 'ਚ ਮਦਦ ਕਰਨਗੀਆਂ। ਉਨ੍ਹਾਂ ਨੇ ਦੋਹਰਾਇਆ ਕਿ ਸਿਹਤਮੰਦ ਜੀਵਨਸ਼ੈਲੀ ਅਪਣਾਉਣਾ ਅੱਜ ਦੇ ਸਮੇਂ ਦੀ ਵੱਡੀ ਜ਼ਰੂਰਤ ਹੈ ਅਤੇ ਯੋਗ ਇਸ 'ਚ ਮਹੱਤਵਪੂਰ ਨ ਭੂਮਿਕਾ ਨਿਭਾਉਂਦਾ ਹੈ।

## ਹੋਰਮੁਜ਼ ਜਲਮਾਰਗ ਰਾਹੀਂ ਦੋ ਵੱਡੇ ਜਹਾਜ਼ ਐੈਲਪੀਜੀ ਲੈ ਕੇ ਜਲਦੀ ਭਾਰਤ ਪੁੱਜਣਗੇ

ਨਵੀਂ ਦਿੱਲੀ, 29 ਮਾਰਚ (ਪ੍ਰਤੀਨਿਧੀ) : ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਐਤਵਾਰ ਨੂੰ ਦੱਸਿਆ ਕਿ ਦੋ ਵੱਡੇ ਐੈਲਪੀਜੀ ਜਹਾਜ਼ਬੀਡਬਲਯੂ ਟੀਵਾਈਆਰ ਅਤੇ ਬੀ.ਡਬਲਯੂ. ਈ.ਐੈਲ.ਐੈਮ. ਲਗਪਗ 94,000 ਮੀਟ੍ਰਿਕ ਟਨ ਗੈਸ ਲੈ ਕੇ ਸੁਰੱਖਿਅਤ ਤਰੀਕੇ ਨਾਲ ਭਾਰਤ ਵੱਲ ਵਧ ਰਹੇ ਹਨ। ਇਨ੍ਹਾਂ ਵਿੱਚੋਂ ਇੱਕ ਜਹਾਜ਼ 31 ਮਾਰਚ ਤੱਕ ਮੁੰਬਈ ਅਤੇ ਦੂਜਾ 1 ਅਪਰੈਲ ਤੱਕ ਨਿਊ ਮੰਗਲੌਰ ਪਹੁੰਚਣ ਦੀ ਉਮੀਦ ਹੈ। ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਅ ਦੇ ਬਾਵਜੂਦ ਸਰਕਾਰ ਨੇ ਭਾਰਤੀ ਜਹਾਜ਼ਾਂ ਅਤੇ ਸਮੁੰਦਰੀ ਕਰਮਚਾਰੀਆਂ ਦੀ ਸੁਰੱਖਿਆ ਲਈ ਪੁਖਤਾ ਇੰਤਜ਼ਾਮ ਕੀਤੇ ਹਨ ਅਤੇ ਭਾਰਤੀ ਜਲ ਸੈਨਾ ਦੇ ਜੰਗੀ ਜਹਾਜ਼ ਵੀ ਮਦਦ ਲਈ ਤਿਆਰ ਹਨ। ਇਰਾਨ ਦੀ ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕੋਰ (ਆਈ ਆਰ ਜੀ ਸੀ) ਨੇ ਚਿਤਾਵਨੀ ਦਿੱਤੀ ਹੈ ਕਿ ਇੱਕ ਪ੍ਰਮੁੱਖ ਇਰਾਨੀ ਅਕਾਦਮਿਕ ਸੰਸਥਾ 'ਤੇ ਹੋਏ ਹਮਲਿਆਂ ਦੇ ਜਵਾਬ ਵਿੱਚ ਪੱਛਮੀ ਏਸ਼ੀਆ ਵਿੱਚ ਇਜ਼ਰਾਈਲ ਅਤੇ ਅਮਰੀਕਾ ਨਾਲ ਸਬੰਧਤ ਯੂਨੀਵਰਸਿਟੀਆਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ।



ਉੱਧਰ ਪੱਛਮੀ ਏਸ਼ੀਆ ਵਿੱਚ ਚੱਲ ਰਹੀ ਜੰਗ ਹੁਣ ਹੋਰ ਵੀ ਗੰਭੀਰ ਰੂਪ ਧਾਰਨ ਕਰ ਗਈ ਹੈ ਕਿਉਂਕਿ ਯਮਨ ਦੇ ਹੂਤੀ ਬਾਗੀਆਂ ਨੇ ਪਹਿਲੀ ਵਾਰ ਸਿੱਧੇ ਤੌਰ 'ਤੇ ਇਜ਼ਰਾਈਲ 'ਤੇ ਮਿਜ਼ਾਈਲ ਹਮਲੇ ਕੀਤੇ ਹਨ। ਇਸ ਦੇ ਨਾਲ ਹੀ ਅਮਰੀਕਾ ਨੇ ਸਥਿਤੀ ਨੂੰ ਸੰਭਾਲਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਆਪਣੇ 'ਮਰੀਨ' (ਫੌਜੀ) ਖੇਤਰ ਵਿੱਚ ਭੇਜ ਦਿੱਤੇ ਹਨ, ਜਿਨ੍ਹਾਂ ਦੀ ਪਹਿਲੀ ਟੁਕੜੀ ਪਹੁੰਚ ਚੁੱਕੀ ਹੈ। ਵਾਸ਼ਿੰਗਟਨ ਪੋਸਟ ਮੁਤਾਬਕ ਅਮਰੀਕਾ ਆਉਣ ਵਾਲੇ ਹਫਤਿਆਂ ਵਿੱਚ ਇਰਾਨ ਵਿੱਚ ਜ਼ਮੀਨੀ ਕਾਰਵਾਈ ਦੀ ਤਿਆਰੀ ਕਰ ਰਿਹਾ ਹੈ। ਇਸ ਜੰਗ ਕਾਰਨ ਵਿਸ਼ਵ ਅਰਥਵਿਵਸਥਾ ਅਤੇ ਊਰਜਾ ਸਪਲਾਈ 'ਤੇ ਬੁਰਾ ਅਸਰ ਪੈ ਰਿਹਾ ਹੈ, ਜਦੋਂਕਿ ਇਜ਼ਰਾਈਲ ਵੱਲੋਂ ਲਗਾਤਾਰ ਇਰਾਨ ਅਤੇ ਲਿਬਨਾਨ ਵਿੱਚ ਸਰਕਾਰੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦੂਜੇ ਪਾਸੇ, ਇਰਾਨ ਨੇ ਵੀ ਜਵਾਬੀ ਕਾਰਵਾਈ ਤੇਜ਼ ਕਰ ਦਿੱਤੀ ਹੈ। ਸਾਊਦੀ ਅਰਬ ਵਿੱਚ ਇੱਕ ਅਮਰੀਕੀ ਜੰਗੀ ਟਿਕਾਣੇ 'ਤੇ ਹੋਏ ਹਮਲੇ ਵਿੱਚ 12 ਅਮਰੀਕੀ ਸੈਨਿਕ ਜ਼ਖ਼ਮੀ ਹੋ ਗਏ ਹਨ। ਇਸ ਤੋਂ ਇਲਾਵਾ ਇਰਾਨ ਨੇ ਬਹਿਰੀਨ ਅਤੇ ਕੁਵੈਤ ਵਰਗੇ ਖਾੜੀ ਦੇਸ਼ਾਂ ਵਿੱਚ ਵੀ ਕਈ ਥਾਵਾਂ 'ਤੇ ਹਮਲੇ ਕੀਤੇ ਹਨ, ਜਿਸ ਨਾਲ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ।

ਹੋਰਮੁਜ਼ ਜਲਮਾਰਗ ਦੇ ਬੰਦ ਹੋਣ ਕਾਰਨ ਤੇਲ ਦੀ ਸਪਲਾਈ ਪ੍ਰਭਾਵਿਤ ਹੋਈ ਹੈ, ਹਾਲਾਂਕਿ ਭਾਰਤ ਅਤੇ ਪਾਕਿਸਤਾਨ ਦੇ ਜਹਾਜ਼ਾਂ ਨੂੰ ਲੰਘਣ ਦੀ ਇਜਾਜ਼ਤ ਦਿੱਤੀ ਗਈ ਹੈ। ਦੁਨੀਆ ਭਰ ਦੇ ਨੇਤਾ ਇਸ ਤਣਾਅ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ।

## ਚੋਣ ਕਮਿਸ਼ਨ ਵੱਲੋਂ ਵੋਟਰਾਂ ਦੀ ਤੀਜੀ ਸਪਲੀਮੈਂਟਰੀ ਸੂਚੀ ਜਾਰੀ

### ਅਦਾਲਤ ਦੇ ਹੁਕਮਾਂ ਤੋਂ ਬਾਅਦ ਵੋਟਰ ਸੂਚੀਆਂ ਵਿੱਚ ਸੋਧ ਜਾਰੀ; 23 ਅਪ੍ਰੈਲ ਨੂੰ ਪੈਣਗੀਆਂ ਵੋਟਾਂ

ਕੋਲਕਾਤਾ, 29 ਮਾਰਚ (ਪ੍ਰਤੀਨਿਧੀ) : ਚੋਣ ਕਮਿਸ਼ਨ ਨੇ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ (ਐਸ ਆਈ ਆਰ) ਤਹਿਤ ਤੀਜੀ ਸਪਲੀਮੈਂਟਰੀ (ਪੂਰਕ) ਸੂਚੀ ਜਾਰੀ ਕਰ ਦਿੱਤੀ ਹੈ। ਇਹ ਸੂਚੀ ਸ਼ਨੀਵਾਰ ਰਾਤ ਕਰੀਬ 11:30 ਵਜੇ ਕਮਿਸ਼ਨ ਦੀ ਵੈੱਬਸਾਈਟ 'ਤੇ ਬੂਥ-ਵਾਰ ਉਪਲਬਧ ਕਰਵਾਈ ਗਈ। ਹਾਲਾਂਕਿ, ਕਮਿਸ਼ਨ ਨੇ ਇਸ ਸੂਚੀ ਵਿੱਚ ਸ਼ਾਮਲ ਕੀਤੇ ਗਏ ਜਾਂ ਹਟਾਏ ਗਏ ਵੋਟਰਾਂ ਦੀ ਕੁੱਲ ਗਿਣਤੀ ਬਾਰੇ ਅਜੇ ਕੋਈ ਅਧਿਕਾਰਤ ਵੇਰਵਾ ਸਾਂਝਾ ਨਹੀਂ ਕੀਤਾ ਹੈ।



ਇਹ ਸੂਚੀ ਉਨ੍ਹਾਂ ਵੋਟਰਾਂ ਦੀ ਹੈ ਜਿਨ੍ਹਾਂ ਦੇ ਨਾਮ 'ਵਿਚਾਰ ਅਧੀਨ' ਸ਼੍ਰੇਣੀ ਵਿੱਚ ਰੱਖੇ ਗਏ ਸਨ।

ਚੋਣ ਕਮਿਸ਼ਨ ਦੇ ਅਧਿਕਾਰੀਆਂ ਅਨੁਸਾਰ, ਅਦਾਲਤ ਦੇ ਨਿਰਦੇਸ਼ਾਂ 'ਤੇ ਇਹ ਸੂਚੀਆਂ ਹੁਣ ਨਿਯਮਤ ਤੌਰ 'ਤੇ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਵੋਟਰ ਸੂਚੀਆਂ ਦੀ ਸ਼ੁੱਧਤਾ ਬਣੀ ਰਹੇ। ਦੱਸ ਦਈਏ ਕਿ ਸੁਧਾਰ ਪ੍ਰਕਿਰਿਆ ਦੌਰਾਨ ਮੌਤ, ਰਿਹਾਇਸ਼ ਬਦਲਣ ਜਾਂ ਦੋਹਰੇ ਨਾਮ ਹੋਣ ਕਾਰਨ ਲਗਭਗ 58 ਲੱਖ ਨਾਮ ਸੂਚੀ ਵਿੱਚੋਂ ਹਟਾਏ ਗਏ ਸਨ, ਜਿਸ ਨਾਲ ਸੂਬੇ ਦੇ ਕੁੱਲ ਵੋਟਰਾਂ ਦੀ ਗਿਣਤੀ 7.66 ਕਰੋੜ ਤੋਂ ਘਟ ਕੇ 7.04 ਕਰੋੜ ਦੇ ਕਰੀਬ ਰਹਿ ਗਈ ਹੈ। ਬੰਗਾਲ ਦੀਆਂ 294 ਵਿਧਾਨ ਸਭਾ ਸੀਟਾਂ ਲਈ 23 ਅਤੇ 29 ਅਪਰੈਲ ਨੂੰ ਵੋਟਾਂ ਪੈਣਗੀਆਂ ਅਤੇ ਨਤੀਜੇ 4 ਮਈ ਨੂੰ ਐਲਾਨੇ ਜਾਣਗੇ।

## ਹਵਾਈ ਉਡਾਣ 'ਚ 60 ਫੀਸਦੀ ਸੀਟਾਂ ਬਿਨਾਂ ਕਿਸੇ ਵਾਧੂ ਪੈਸੇ ਦੇ ਮੁਹੱਈਆ ਕਰਵਾਉਣ ਦੇ ਨਿਰਦੇਸ਼



ਨਵੀਂ ਦਿੱਲੀ, 29 ਮਾਰਚ (ਪ੍ਰਤੀਨਿਧੀ) : ਸ਼ਹਿਰੀ ਹਵਾਬਾਜ਼ੀ ਰੈਗੂਲੇਟਰ ਡੀ.ਜੀ.ਸੀ.ਏ. ਨੇ ਨਿਰਦੇਸ਼ ਦਿੱਤੇ ਹਨ ਕਿ 20 ਅਪਰੈਲ ਤੋਂ ਹਵਾਈ ਕੰਪਨੀਆਂ ਨੂੰ ਹਰ ਫਲਾਈਟ ਵਿੱਚ ਘੱਟੋ-ਘੱਟ 60 ਫੀਸਦੀ ਸੀਟਾਂ ਬਿਨਾਂ ਕਿਸੇ ਵਾਧੂ ਚਾਰਜ ਦੇ ਮੁਹੱਈਆ ਕਰਵਾਉਣੀਆਂ ਪੈਣਗੀਆਂ। ਮੌਜੂਦਾ ਸਮੇਂ ਵਿੱਚ ਸਿਰਫ਼ 20 ਫੀਸਦੀ ਸੀਟਾਂ ਹੀ ਮੁਫ਼ਤ ਬੁੱਕ ਕੀਤੀਆਂ ਜਾ ਸਕਦੀਆਂ ਹਨ, ਜਦੋਂ ਕਿ ਬਾਕੀ ਸੀਟਾਂ ਲਈ ਯਾਤਰੀਆਂ ਨੂੰ 200 ਰੁਪਏ ਤੋਂ ਲੈ ਕੇ 2,100 ਰੁਪਏ ਤੱਕ ਵਾਧੂ ਖਰਚਾ ਦੇਣਾ ਪੈਂਦਾ ਹੈ। ਨਵੇਂ ਨਿਯਮਾਂ ਅਨੁਸਾਰ ਏਅਰਲਾਈਨਾਂ ਨੂੰ ਆਪਣੀ ਵੈੱਬਸਾਈਟ 'ਤੇ ਸੀਟਾਂ ਦੀ ਉਪਲਬਧਤਾ ਬਾਰੇ ਪੂਰੀ ਪਾਰਦਰਸ਼ਤਾ ਰੱਖਣੀ ਹੋਵੇਗੀ ਅਤੇ ਇਕੋ ਪੀ.ਐੱਨ.ਆਰ ਤੇ ਸਫਰ ਕਰਨ ਵਾਲੇ ਯਾਤਰੀਆਂ ਨੂੰ ਇਕੱਠੀਆਂ ਜਾਂ ਨਾਲ ਲੱਗਦੀਆਂ ਸੀਟਾਂ ਹੀ ਦੇਣੀਆਂ ਹੋਣਗੀਆਂ।

ਇਸ ਫੈਸਲੇ ਦਾ ਇੰਡੀਗੋ, ਏਅਰ ਇੰਡੀਆ ਅਤੇ ਸਪਾਈਸਜੈੱਟ ਵਰਗੀਆਂ ਵੱਡੀਆਂ ਕੰਪਨੀਆਂ ਨੇ ਵਿਰੋਧ ਕੀਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਇਸ ਕਦਮ ਨਾਲ ਉਹਨਾਂ ਦੀ ਕਮਾਈ ਘਟੇਗੀ, ਜਿਸ ਦੀ ਭਰਪਾਈ ਲਈ ਉਹਨਾਂ ਨੂੰ ਹਵਾਈ ਕਿਰਾਏ ਵਧਾਉਣੇ ਪੈ ਸਕਦੇ ਹਨ। ਦੂਜੇ ਪਾਸੇ, ਡੀ.ਜੀ.ਸੀ.ਏ. ਨੇ ਇਹ ਵੀ ਸਾਫ਼ ਕੀਤਾ ਹੈ ਕਿ ਖੇਡਾਂ ਦੇ ਸਾਮਾਨ ਜਾਂ ਸੰਗੀਤਕ ਸਾਜ਼ਾਂ ਵਰਗੀਆਂ ਵਾਧੂ ਸੇਵਾਵਾਂ ਦੇ ਚਾਰਜ ਵੀ ਕੰਪਨੀਆਂ ਨੂੰ ਸਪੱਸ਼ਟ ਤੌਰ 'ਤੇ ਆਪਣੀ ਵੈੱਬਸਾਈਟ 'ਤੇ ਦਿਖਾਉਣੇ ਪੈਣਗੇ। ਇਹ ਕਦਮ ਯਾਤਰੀਆਂ ਦੀਆਂ ਉਹਨਾਂ ਸ਼ਿਕਾਇਤਾਂ ਤੋਂ ਬਾਅਦ ਚੁੱਕਿਆ ਗਿਆ ਹੈ ਜਿਸ ਵਿੱਚ ਏਅਰਲਾਈਨਾਂ ਵੱਲੋਂ ਸੀਟ ਚੋਣ ਲਈ ਮਨਮਾਨੇ ਪੈਸੇ ਵਸੂਲਣ ਦੀ ਗੱਲ ਕਹੀ ਗਈ ਸੀ।

## ਅਮਿਤ ਸ਼ਾਹ ਦੇ 'ਪੁਰਾਣੇ ਕਾਰਨਾਮਿਆਂ' ਲਈ ਉਨ੍ਹਾਂ ਖ਼ਿਲਾਫ਼ ਹੋਣੀ ਚਾਹੀਦੀ ਹੈ ਚਾਰਜਸ਼ੀਟ: ਮਮਤਾ

### 'ਭਾਜਪਾ ਆਈ ਤਾਂ ਖਾਣ-ਪੀਣ ਦੀਆਂ ਪਸੰਦਾਂ 'ਤੇ ਲੱਗੇਗੀ ਪਾਬੰਦੀ'

ਪੁਰੂਲੀਆ, 29 ਮਾਰਚ (ਪ੍ਰਤੀਨਿਧੀ) : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਤ੍ਰਿਣਮੂਲ ਕਾਂਗਰਸ ਸਰਕਾਰ ਵਿਰੁੱਧ ਸਿਆਸੀ 'ਚਾਰਜਸ਼ੀਟ' ਜਾਰੀ ਕੀਤੇ ਜਾਣ ਤੋਂ ਇਕ ਦਿਨ ਬਾਅਦ, ਮੁੱਖ ਮੰਤਰੀ ਮਮਤਾ ਬੈਨਰਜੀ ਨੇ ਐਤਵਾਰ ਨੂੰ ਤਿੱਖਾ ਪਲਟਵਾਰ ਕੀਤਾ ਹੈ। ਪੁਰੂਲੀਆ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਮਮਤਾ ਨੇ ਕਿਹਾ ਕਿ ਖੁਦ ਅਮਿਤ ਸ਼ਾਹ ਵਿਰੁੱਧ ਉਨ੍ਹਾਂ ਦੇ 'ਪੁਰਾਣੇ ਕਾਰਨਾਮਿਆਂ' ਲਈ ਚਾਰਜਸ਼ੀਟ ਦਾਖਲ ਹੋਣੀ ਚਾਹੀਦੀ ਹੈ।



ਮਮਤਾ ਬੈਨਰਜੀ ਨੇ ਦਾਅਵਾ ਕੀਤਾ ਕਿ ਜੇਕਰ ਭਾਰਤੀ ਜਨਤਾ ਪਾਰਟੀ (ਭਾਜਪਾ) ਸੱਤਾ ਵਿੱਚ ਆਉਂਦੀ ਹੈ, ਤਾਂ ਉਹ ਔਰਤਾਂ ਲਈ ਸ਼ੁਰੂ ਕੀਤੀ ਗਈ 'ਲਕਸ਼ਮੀਰ ਭੰਡਾਰ' ਯੋਜਨਾ ਨੂੰ ਬੰਦ ਕਰ ਦੇਵੇਗੀ। ਉਨ੍ਹਾਂ ਨੇ ਇਹ ਵੀ ਦੋਸ਼ ਲਾਇਆ ਕਿ ਭਾਜਪਾ ਦੇ ਸੂਬੇ ਵਿੱਚ ਲੋਕਾਂ ਦੀਆਂ ਖਾਣ-ਪੀਣ ਦੀਆਂ ਆਦਤਾਂ 'ਤੇ ਪਾਬੰਦੀਆਂ ਲਗਾਈਆਂ ਜਾਣਗੀਆਂ। ਮਮਤਾ ਨੇ ਕਿਹਾ, ਜੇਕਰ ਭਾਜਪਾ ਸੱਤਾ ਵਿੱਚ ਆਈ, ਤਾਂ ਲੋਕ ਮੱਛੀ, ਮੀਟ ਅਤੇ ਅੰਡੇ ਨਹੀਂ ਖਾ ਸਕਣਗੇ।

ਇਸ ਤੋਂ ਇਲਾਵਾ, ਮੁੱਖ ਮੰਤਰੀ ਨੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਿਸ਼ੇਸ਼ ਸੁਧਾਰ ਯੋਜਨਾ (ਐਸ.ਆਈ.ਆਰ.) ਰਾਹੀਂ ਵੋਟਰ ਸੂਚੀਆਂ ਵਿੱਚੋਂ 1.2 ਕਰੋੜ ਵੋਟਰਾਂ ਦੇ ਨਾਮ ਹਟਾ ਦਿੱਤੇ ਗਏ ਹਨ। ਉਨ੍ਹਾਂ ਨੇ ਵੋਟਰਾਂ ਨੂੰ ਭਾਜਪਾ ਵਿਰੁੱਧ ਇਕਜੁੱਟ ਹੋਣ ਦਾ ਸੱਦਾ ਦਿੱਤਾ।

## 'ਰੇਮੰਡ' ਦੇ ਸਾਬਕਾ ਚੇਅਰਮੈਨ ਵਿਜੈਪਤ ਸਿੰਘਾਨੀਆ ਦਾ ਹੋਇਆ ਅੰਤਿਮ ਸਸਕਾਰ

ਮੁੰਬਈ, 29 ਮਾਰਚ (ਪ੍ਰਤੀਨਿਧੀ) : ਟੈਕਸਟਾਈਲ ਬ੍ਰਾਂਡ 'ਰੇਮੰਡ' ਨੂੰ ਹਰ ਘਰ ਦੀ ਪਛਾਣ ਬਣਾਉਣ ਵਾਲੇ ਸਾਬਕਾ ਚੇਅਰਮੈਨ ਵਿਜੈਪਤ ਸਿੰਘਾਨੀਆ ਦਾ ਐਤਵਾਰ 29 ਮਾਰਚ ਨੂੰ ਮੁੰਬਈ ਵਿੱਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਦੁਪਹਿਰ 3 ਵਜੇ ਚੰਦਨਵਾੜੀ ਸ਼ਮਸ਼ਾਨ ਘਾਟ ਵਿਚ ਉਨ੍ਹਾਂ ਦੇ ਬੇਟੇ ਅਤੇ ਰੇਮੰਡ ਦੇ ਮੌਜੂਦਾ ਚੇਅਰਮੈਨ ਗੌਤਮ ਸਿੰਘਾਨੀਆ ਨੇ ਪਰਿਵਾਰਕ ਮੈਂਬਰਾਂ ਦੀ ਮੌਜੂਦਗੀ ਵਿੱਚ ਅਗਨੀ ਦਿੱਤੀ ਅਤੇ ਅੰਤਿਮ ਰਸਮਾਂ ਪੂਰੀਆਂ ਕੀਤੀਆਂ। 87 ਸਾਲਾ ਸਿੰਘਾਨੀਆ ਦਾ ਸ਼ਨਿਚਰਵਾਰ ਸ਼ਾਮ ਨੂੰ ਦੇਹਾਂਤ ਹੋ ਗਿਆ ਸੀ। ਉਹ ਆਪਣੇ ਪਿੱਛੇ ਪਤਨੀ ਆਸ਼ਾਦੇਵੀ ਅਤੇ ਤਿੰਨ ਬੱਚਿਆਂ- ਮਧੂਪਤੀ ਸਿੰਘਾਨੀਆ, ਸ਼ੇਫਾਲੀ ਰੂਈਆ ਅਤੇ ਗੌਤਮ ਸਿੰਘਾਨੀਆ ਨੂੰ ਛੱਡ ਗਏ ਹਨ। ਗੌਤਮ ਸਿੰਘਾਨੀਆ ਨੇ ਆਪਣੇ ਸੰਦੇਸ਼ ਵਿੱਚ ਆਪਣੇ ਪਿਤਾ ਨੂੰ ਇੱਕ ਦੂਰਅੰਦੇਸ਼ੀ ਨੇਤਾ ਅਤੇ ਸਮਾਜ ਸੇਵੀ ਇਨਸਾਨ ਦੱਸਿਆ ਜਿਨ੍ਹਾਂ ਦੀ ਵਿਰਾਸਤ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ। ਵਿਜੈਪਤ ਸਿੰਘਾਨੀਆ 1980 ਵਿੱਚ ਰੇਮੰਡ ਗਰੁੱਪ ਦੇ ਚੇਅਰਮੈਨ ਅਤੇ ਐਮ.ਡੀ ਬਣੇ ਸਨ ਅਤੇ ਉਹਨਾਂ ਦੀ ਅਗਵਾਈ ਹੇਠ ਗਰੁੱਪ ਨੇ ਸਿਰਫ਼ ਕੱਪੜਿਆਂ ਤੱਕ ਸੀਮਤ ਨਾ ਰਹਿ ਕੇ ਸਿੰਥੈਟਿਕ ਫੈਬ੍ਰਿਕਸ, ਡੈਨਿਮ, ਸਟੀਲ ਅਤੇ ਸੀਮਿੰਟ ਵਰਗੇ ਖੇਤਰਾਂ ਵਿੱਚ ਵੱਡਾ ਪਸਾਰ ਕੀਤਾ। ਉਹਨਾਂ ਨੇ 2007 ਤੋਂ 2012 ਤੱਕ ਆਈ.ਆਈ.ਐੈਮ ਅਹਿਮਦਾਬਾਦ ਦੀ ਗਵਰਨਿੰਗ ਕੌਂਸਲ ਦੇ ਚੇਅਰਮੈਨ ਵਜੋਂ ਵੀ ਸੇਵਾਵਾਂ ਦਿੱਤੀਆਂ।



ਕਾਰੋਬਾਰ ਤੋਂ ਇਲਾਵਾ ਉਹਨਾਂ ਨੂੰ ਐਡਵੈਂਚਰ ਅਤੇ ਹਵਾਬਾਜ਼ੀ ਦਾ ਬਹੁਤ ਸ਼ੌਕ ਸੀ। ਸਾਲ 2005 ਵਿੱਚ 67 ਸਾਲ ਦੀ ਉਮਰ ਵਿੱਚ ਉਹਨਾਂ ਨੇ ਹੌਟ ਏਅਰ ਬੈਲੂਨ ਰਾਹੀਂ 69,000 ਫੁੱਟ ਦੀ ਉਚਾਈ ਤੱਕ ਉੱਡ ਕੇ ਵਿਸ਼ਵ ਰਿਕਾਰਡ ਬਣਾਇਆ ਸੀ। ਇਸ ਤੋਂ ਪਹਿਲਾਂ 1988 ਵਿੱਚ ਉਹਨਾਂ ਨੇ ਲੰਡਨ ਤੋਂ ਨਵੀਂ ਦਿੱਲੀ ਤੱਕ ਮਾਈਕ੍ਰੋਲਾਈਟ ਜਹਾਜ਼ ਵਿੱਚ ਇਕੱਲਿਆਂ ਉਡਾਣ ਭਰ ਕੇ ਰਿਕਾਰਡ ਬਣਾਇਆ ਸੀ। ਉਹਨਾਂ ਦੇ ਤਜਰਬੇ ਕਾਰਨ ਭਾਰਤੀ ਹਵਾਈ ਸੈਨਾ ਨੇ ਉਹਨਾਂ ਨੂੰ ਏਅਰ ਕਮੋਡੋਰ ਬਣਾਇਆ ਸੀ ਅਤੇ 2006 ਵਿੱਚ ਉਹਨਾਂ ਨੂੰ ਮੁੰਬਈ ਦਾ 'ਸ਼ੈਰਿਫ' ਵੀ ਨਿਯੁਕਤ ਕੀਤਾ ਗਿਆ ਸੀ।

## ਗੁਰੂਗ੍ਰਾਮ 'ਚ ਤੇਜ਼ ਰਫਤਾਰ ਵਾਹਨਾਂ ਦਾ ਕਹਿਰ ; 24 ਘੰਟਿਆਂ ਦੌਰਾਨ 5 ਸੜਕ ਹਾਦਸਿਆਂ 'ਚ 7 ਹਲਾਕ

### ਪ੍ਰਬੰਧਕੀ ਯਤਨਾਂ ਦੇ ਬਾਵਜੂਦ ਗੁਰੂਗ੍ਰਾਮ ਲਗਾਤਾਰ ਹਰਿਆਣਾ ਵਿੱਚ ਸੜਕੀ ਮੌਤਾਂ 'ਚ ਸਭ ਤੋਂ ਅੱਗੇ

ਗੁਰੂਗ੍ਰਾਮ, 29 ਮਾਰਚ (ਪ੍ਰਤੀਨਿਧੀ) : ਹਰਿਆਣਾ ਦੀ ਸਾਈਬਰ ਸਿਟੀ ਦੇ ਨਾਅ ਨਾਲ ਮਸ਼ਹੂਰ ਗੁਰੂਗ੍ਰਾਮ ਵਿੱਚ ਪਿਛਲੇ 24 ਘੰਟਿਆਂ ਦੌਰਾਨ ਪੰਜ ਵੱਖ-ਵੱਖ ਸੜਕ ਹਾਦਸਿਆਂ 'ਚ ਸੱਤ ਲੋਕਾਂ ਦੀ ਮੌਤ ਹੋ ਗਈ ਹੈ। ਇਨ੍ਹਾਂ ਹਾਦਸਿਆਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਗੁਰੂਗ੍ਰਾਮ ਜਾਨਲੇਵਾ ਸੜਕੀ ਹਾਦਸਿਆਂ ਦੇ ਮਾਮਲੇ ਵਿੱਚ ਪੂਰੇ ਸੂਬੇ ਵਿੱਚੋਂ ਸਭ ਤੋਂ ਅੱਗੇ ਅਤੇ ਬਦਨਾਮ ਹੈ।

ਜਾਣਕਾਰੀ ਮੁਤਾਬਕ ਸਭ ਤੋਂ ਦਰਦਨਾਕ ਹਾਦਸਾ ਸ਼ੁੱਕਰਵਾਰ ਰਾਤ ਪਟੌਦੀ ਦੇ ਪਿੰਡ ਖੋਡ ਵਿੱਚ ਵਾਪਰਿਆ, ਜਿੱਥੇ 100 ਕਿਲੋਮੀਟਰ ਤੋਂ ਵੱਧ ਦੀ ਰਫ਼ਤਾਰ ਨਾਲ ਆ ਰਹੀ ਇੱਕ ਥਾਰ ਨੇ 60 ਸਾਲਾ ਸੁਭਾਸ਼ ਅਤੇ ਉਸ ਦੇ ਦੋ ਮਾਸੂਮ ਪੋਤੇ (10 ਸਾਲਾ ਈਸ਼ਾਂਤ ਅਤੇ 8 ਸਾਲਾ ਜ਼ੈਦ ਖਾਨ) ਨੂੰ ਕੁਚਲ ਦਿੱਤਾ। ਇਹ ਬੱਚੇ ਰਾਜਸਥਾਨ ਤੋਂ ਆਪਣੇ ਨਾਨਕੇ ਘਰ ਛੁੱਟੀਆਂ ਮਨਾਉਣ ਆਏ ਸਨ। ਸੀਸੀਟੀਵੀ ਫੁਟੇਜ ਮੁਤਾਬਕ ਟੱਕਰ ਇੰਨੀ ਜ਼ਬਰਦਸਤ ਸੀ ਕਿ ਬੱਚੇ ਹਵਾ ਵਿੱਚ ਉਛਲ ਗਏ। ਹਾਦਸੇ ਤੋਂ ਬਾਅਦ ਡਰਾਈਵਰ ਦੀਪਾਂਸ਼ੂ ਜ਼ਖਮੀਆਂ ਨੂੰ ਸੜਕ 'ਤੇ ਹੀ ਮਰਨ ਲਈ ਛੱਡ ਕੇ ਦੂਜੀ ਗੱਡੀ ਵਿੱਚ ਫ਼ਰਾਰ ਹੋ ਗਿਆ।ਉੱਥੇ ਹੀ ਸੈਕਟਰ 12 ਵਿੱਚ 22 ਸਾਲਾ ਹਿਮਾਂਸ਼ੂ ਰਾਜਪੂਤ ਦੀ ਉਸ ਸਮੇਂ ਕੁਚਲ ਕੇ ਮੌਤ ਹੋ ਗਈ ਜਦੋਂ ਉਸ ਦਾ ਪਾਣੀ ਵਾਲਾ ਟੈਂਕਰ ਤੇਜ਼ ਰਫ਼ਤਾਰ ਕਾਰਨ ਪਲਟ ਗਿਆ। ਜਦਕਿ ਲੋਹਚਾਬਕਾ ਪਿੰਡ ਦੇ ਨੇੜੇ ਇੱਕ ਤਿੰਨ ਮਹੀਨੇ ਦੇ ਬੱਚੇ ਯੁਗਰਾਜ ਨਰਵਾਲ ਦੀ ਮੌਤ ਹੋ ਗਈ। ਉਸ ਦੀ ਮਾਂ ਨੇ ਸੜਕ 'ਤੇ ਜਾ ਰਹੇ ਅਵਾਰਾ ਪਸ਼ੂ ਤੋਂ ਬਚਣ ਲਈ ਆਪਣੀ ਕਾਰ ਨੂੰ ਮੋੜ ਲਿਆ, ਜਿਸ ਕਾਰਨ ਉਹ ਇੱਕ ਖੰਭੇ ਨਾਲ ਟਕਰਾ ਗਈ। ਇਸ ਤੋਂ ਇਲਾਵਾ ਕਲਵਾੜੀ ਮੋੜ 'ਤੇ ਇੱਕ ਅਣਪਛਾਤੇ ਟਰੱਕ ਨੇ 62 ਸਾਲਾ ਸੇਵਾਮੁਕਤ ਫ਼ੌਜੀ ਕਾਬੁਲ ਸਿੰਘ ਨੂੰ ਕੁਚਲ ਦਿੱਤਾ। ਉੱਥੇ ਹੀ ਦਿੱਲੀ-ਜੈਪੁਰ ਹਾਈਵੇਅ 'ਤੇ ਨਾਹਰਪੁਰ ਨੇੜੇ ਟੱਕਰ ਮਾਰ ਕੇ ਭੱਜਣ (ਹਿੱਟ ਐਂਡ ਰਨ ) ਦੇ ਮਾਮਲੇ ਵਿੱਚ 35 ਸਾਲਾ ਬੈਂਕ ਮੁਲਾਜ਼ਮ ਸੰਦੀਪ ਦੀ ਵੀ ਮੌਤ ਹੋ ਗਈ।



ਪ੍ਰਬੰਧਕੀ ਯਤਨਾਂ ਦੇ ਬਾਵਜੂਦ ਗੁਰੂਗ੍ਰਾਮ ਲਗਾਤਾਰ ਹਰਿਆਣਾ ਵਿੱਚ ਸੜਕੀ ਮੌਤਾਂ ਦੇ ਮਾਮਲਿਆਂ 'ਚ ਸਭ ਤੋਂ ਅੱਗੇ ਹੈ। ਪਿਛਲੇ ਕੁਝ ਸਾਲਾਂ ਦੌਰਾਨ ਮੌਤਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 2023 ਵਿੱਚ ਗੁਰੂਗ੍ਰਾਮ 'ਚ 439, ਸਾਲ 2024 ਵਿੱਚ 472 ਅਤੇ ਸਾਲ 2025 ਵਿੱਚ 475 ਲੋਕਾਂ ਨੇ ਸੜਕ ਹਾਦਸਿਆਂ ਵਿੱਚ ਆਪਣੀ ਜਾਨ ਗਵਾਈ ਹੈ।

## ਸੰਪਾਦਕੀ

# ਅਮਰੀਕੀ ਸਿਆਸਤ ਦਾ ਗਹਿਰਾ ਸੰਕਟ ਅਤੇ ਲੋਕਤੰਤਰ ਦੀ ਦਸ਼ਾ

ਅਮਰੀਕਾ ਦੇ ਮੌਜੂਦਾ ਸਿਆਸੀ ਹਾਲਾਤ ਨੇ ਇੱਕ ਵਾਰ ਫਿਰ ਵਿਸ਼ਵ ਭਰ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਨਿਊਯਾਰਕ ਤੋਂ ਲੈ ਕੇ ਵਾਸ਼ਿੰਗਟਨ ਤੱਕ ਦੀਆਂ ਸੜਕਾਂ 'ਤੇ ਉੱਤਰੇ ਹਜ਼ਾਰਾਂ ਪ੍ਰਦਰਸ਼ਨਕਾਰੀਆਂ ਦਾ ਗੁੱਸਾ ਸਿਰਫ਼ ਇੱਕ ਨੇਤਾ ਦੇ ਵਿਰੋਧ ਤੱਕ ਸੀਮਿਤ ਨਹੀਂ ਹੈ, ਸਗੋਂ ਇਹ ਉਸ ਡੂੰਘੀ ਵਿਚਾਰਧਾਰਕ ਖਾਈ ਨੂੰ ਦਰਸਾਉਂਦਾ ਹੈ ਜਿਸ ਵਿੱਚ ਅੱਜ ਅਮਰੀਕੀ ਸਮਾਜ ਗ੍ਰਸਿਆ ਹੋਇਆ ਹੈ। ਡੋਨਾਲਡ ਟਰੰਪ ਦੇ ਦੁਆਲੇ ਘੁੰਮਦੀ ਸਿਆਸਤ ਨੇ ਅਮਰੀਕਾ ਨੂੰ ਦੋ ਅਜਿਹੇ ਧੜਿਆਂ ਵਿੱਚ ਵੰਡ ਦਿੱਤਾ ਹੈ ਜੋ ਇੱਕ-ਦੂਜੇ ਦੀ ਹੋਂਦ ਨੂੰ ਪ੍ਰਵਾਨ ਕਰਨ ਲਈ ਵੀ ਤਿਆਰ ਨਹੀਂ ਜਾਪਦੇ। ਇਹ ਪ੍ਰਦਰਸ਼ਨ ਜਿੱਥੇ ਇੱਕ ਪਾਸੇ ਲੋਕਾਂ ਦੇ ਸੰਵਿਧਾਨਕ ਆਜ਼ਾਦੀ ਅਤੇ ਆਪਣੀ ਰਾਏ ਪ੍ਰਗਟਾਉਣ ਦੇ ਹੱਕ ਦੀ ਗਵਾਹੀ ਭਰਦੇ ਹਨ, ਉੱਥੇ ਹੀ ਦੂਜੇ ਪਾਸੇ ਇਹ ਅਮਰੀਕੀ ਲੋਕਤੰਤਰ ਦੀਆਂ ਨੀਹਾਂ ਵਿੱਚ ਆਈ ਤਰੇੜ ਦਾ ਸੰਕੇਤ ਵੀ ਹਨ। ਟਰੰਪ ਵਿਰੁੱਧ ਲੱਗੇ ਕਾਨੂੰਨੀ ਦੋਸ਼ਾਂ ਅਤੇ ਉਨ੍ਹਾਂ ਦੀ ਰਣਨੀਤੀ ਨੇ ਆਮ ਸ਼ਹਿਰੀਆਂ ਦੇ ਮਨਾਂ ਵਿੱਚ ਨਿਆਂ ਪ੍ਰਣਾਲੀ ਅਤੇ ਪਾਰਦਰਸ਼ਤਾ ਨੂੰ ਲੈ ਕੇ ਕਈ ਸਵਾਲ ਪੈਦਾ ਕਰ ਦਿੱਤੇ ਹਨ।

ਵਿਰੋਧੀਆਂ ਦਾ ਮੰਨਣਾ ਹੈ ਕਿ ਮੌਜੂਦਾ ਸਿਆਸੀ ਪਹੁੰਚ ਲੋਕਤੰਤਰਿਕ ਸੰਸਥਾਵਾਂ ਦੇ ਵਕਾਰ ਨੂੰ ਸੱਟ ਮਾਰ ਰਹੀ ਹੈ, ਜਦਕਿ ਦੂਜੇ ਪਾਸੇ ਟਰੰਪ ਦੇ ਹਮਾਇਤੀ ਇਨ੍ਹਾਂ ਸਾਰੇ ਮਾਮਲਿਆਂ ਨੂੰ ਸਿਆਸੀ ਬਦਲਾਖੋਰੀ ਅਤੇ ਇੱਕ ਸੋਚੀ-ਸਮਝੀ ਸਾਜ਼ਿਸ਼ ਵਜੋਂ ਦੇਖ ਰਹੇ ਹਨ। ਅਜਿਹੀ ਸਥਿਤੀ ਵਿੱਚ ਜਦੋਂ ਦੋਵੇਂ ਧਿਰਾਂ ਆਪਣੇ-ਆਪਣੇ ਤਰਕਾਂ @ਤੇ ਅੜੀਆਂ ਹੋਣ, ਤਾਂ ਸੰਵਾਦ ਦੀ ਗੁੰਜਾਇਸ਼ ਖ਼ਤਮ ਹੋ ਜਾਂਦੀ ਹੈ ਅਤੇ ਟਕਰਾਅ ਦਾ ਰਸਤਾ ਸਾਫ਼ ਹੁੰਦਾ ਹੈ। ਸ਼ਹਿਰਾਂ ਵਿੱਚ ਪੁਲਿਸ ਦੀ ਭਾਰੀ ਤਾਇਨਾਤੀ ਅਤੇ ਤਣਾਅਪੂਰਨ ਮਾਹੌਲ ਇਹ ਸਾਬਤ ਕਰਦਾ ਹੈ ਕਿ ਸਿਆਸੀ ਲੜਾਈ ਹੁਣ ਸਿਰਫ਼ ਬਹਿਸਾਂ ਤੱਕ ਸੀਮਿਤ ਨਹੀਂ ਰਹੀ, ਸਗੋਂ ਸਮਾਜਿਕ ਸਥਿਰਤਾ ਲਈ ਇੱਕ ਚੁਣੌਤੀ ਬਣ ਗਈ ਹੈ। ਅਮਰੀਕਾ ਵਰਗੇ ਦੇਸ਼ ਲਈ, ਜੋ ਦੁਨੀਆ ਭਰ ਵਿੱਚ ਲੋਕਤੰਤਰ ਦਾ ਚੌਧਰੀ ਬਣਦਾ ਹੈ, ਅਜਿਹੀ ਅੰਦਰੂਨੀ ਫੁੱਟ ਉਸ ਦੀ ਗਲੋਬਲ ਸਾਖ ਨੂੰ ਵੱਡਾ ਖ਼ੋਰਾ ਲਾ ਸਕਦੀ ਹੈ।


ਇਹ ਸਾਰੀ ਸਥਿਤੀ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਕੀ ਸਿਆਸੀ ਸ਼ਕਤੀ ਹਾਸਲ ਕਰਨ ਦੀ ਦੌੜ ਵਿੱਚ ਨੈਤਿਕ ਮੁੱਲਾਂ ਅਤੇ ਆਪਸੀ ਭਾਈਚਾਰੇ ਨੂੰ ਪਿੱਛੇ ਛੱਡ ਦੇਣਾ ਜਾਇਜ਼ ਹੈ? ਜੇਕਰ ਇਹ ਵੰਡ ਇਸੇ ਤਰ੍ਹਾਂ ਵਧਦੀ ਰਹੀ, ਤਾਂ ਇਸ ਦਾ ਅਸਰ ਆਉਣ ਵਾਲੀਆਂ ਪੀੜ੍ਹੀਆਂ @ਤੇ ਬਹੁਤ ਮਾਰੂ ਹੋਵੇਗਾ। ਕਿਸੇ ਵੀ ਦੇਸ਼ ਦੀ ਤਰੱਕੀ ਲਈ ਉਸ ਦੀ ਅੰਦਰੂਨੀ ਸਥਿਰਤਾ ਸਭ ਤੋਂ ਮਹੱਤਵਪੂਰਨ ਹੁੰਦੀ ਹੈ, ਪਰ ਅੱਜ ਅਮਰੀਕਾ ਆਪਣੀ ਹੀ ਸਿਆਸਤ ਦੇ ਉਲਝੇ ਹੋਏ ਜਾਲ ਵਿੱਚ ਫਸਿਆ ਨਜ਼ਰ ਆ ਰਿਹਾ ਹੈ। ਅੰਤ ਵਿੱਚ, ਇਹ ਕਹਿਣਾ ਅਤਿ ਕਥਨੀ ਨਹੀਂ ਹੋਵੇਗੀ ਕਿ ਇਹ ਪ੍ਰਦਰਸ਼ਨ ਸਿਰਫ਼ ਇੱਕ ਵਿਅਕਤੀ ਵਿਸ਼ੇਸ਼ ਦੇ ਵਿਰੋਧ ਦਾ ਨਤੀਜਾ ਨਹੀਂ ਹਨ, ਸਗੋਂ ਇਹ ਉਸ ਡਰ ਅਤੇ ਅਸੁਰੱਖਿਆ ਦੀ ਭਾਵਨਾ ਦਾ ਪ੍ਰਗਟਾਵਾ ਹਨ ਜੋ ਲੋਕਾਂ ਦੇ ਮਨਾਂ ਵਿੱਚ ਘਰ ਕਰ ਚੁੱਕੀ ਹੈ। ਅਮਰੀਕਾ ਨੂੰ ਅੱਜ ਸਖ਼ਤ ਫ਼ੈਸਲਿਆਂ ਅਤੇ ਸਿਆਸੀ ਹਉਮੈ ਨੂੰ ਤਿਆਗ ਕੇ ਇੱਕ ਅਜਿਹੇ ਸਾਂਝੇ ਰਾਹ ਦੀ ਤਲਾਸ਼ ਕਰਨੀ ਹੋਵੇਗੀ, ਜਿੱਥੇ ਸੰਵਿਧਾਨ ਦੀ ਸਰਵਉੱਚਤਾ ਕਾਇਮ ਰਹੇ ਅਤੇ ਲੋਕਤੰਤਰ ਦੀ ਮਰਿਆਦਾ ਨੂੰ ਮੁੜ ਬਹਾਲ ਕੀਤਾ ਜਾ ਸਕੇ।

-ਜਗਜੀਤ ਸਿੰਘ ਦਰਦੀ

## ਪੰਜਾਬ ਦੀ ਬਦਲਦੀ ਤਸਵੀਰ

# ਜਾਗੋ ਪੰਜਾਬ : ਪੰਜਾਬ ਦੀ ਕਿਸਾਨੀ ਤੇ ਨੌਜਵਾਨੀ ਉਦਾਸੀ ਤੇ ਨਿਰਾਸ਼ਾ ਦੇ ਦੌਰ ਵਿੱਚ ਕਿਉਂ ?

## ਅੱਜ ਰਾਜਨੀਤਿਕ ਪਾਰਟੀਆਂ ਆਪਣੀਆਂ ਵੋਟਾਂ ਦੀ ਸ਼ਤਰੰਜ ਵਿੱਚ ਮਸ਼ਰੂਫ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬ ਉਸ ਦੋਰਾਹੇ ਤੇ ਖੜਾ ਹੈ ਜਿੱਥੋਂ ਕੋਈ ਰਸਤਾ ਦਿਖਾਈ ਨਹੀਂ ਦਿੰਦਾ।ਪੰਜਾਬ ਦੀ ਨੌਜਵਾਨੀ ਤੇ ਕਿਸਾਨੀ ਘੋਰ ਨਿਰਾਸ਼ਾ ਤੇ ਉਦਾਸੀ ਦੇ ਆਲਮ ਵਿੱਚ ਹੈ ਤੇ ਰਾਜਨੀਤਿਕ ਪਾਰਟੀਆਂ ਆਪਣੀਆਂ ਵੋਟਾਂ ਲਈ ਸ਼ਤਰੰਜ ਵਿਛਾ ਰਹੀਆਂ ਹਨ । ਕੀ 2027 ਵਿੱਚ ਕੁੱਝ ਬਦਲੇਗਾ । ਇਹ ਸਵਾਲ ਹੁਣ ਸਭ ਦੇ ਮਨ ਵਿੱਚ ਹੈ ਪਰੰਤੂ ਬਦਲਾਵ ਕਿਥੇ ਹੈ।

ਅੱਜ ਗੈਂਗਸਟਰ ਵਾਇਰਸ, ਭਟਕਦੀ ਜਵਾਨੀ ਤੇ ਖ਼ੂਨ ਵਹਾਉਂਦੀ ਕਿਸਾਨੀ - ਇੱਕ ਤਿੱਖੀ ਚੀਖ ਪੁਕਾਰ ਹੈ। ਅੱਜ ਪੰਜਾਬ, ਇੱਕ ਵਾਰ ਭਾਰਤ ਦਾ ਅੰਨ-ਭੰਡਾਰ, ਖੇਤੀਬਾੜੀ ਦਾ ਗੜ੍ਹ ਤੇ ਯੂਥ ਊਰਜਾ ਦਾ ਚਸ਼ਮਾ ਮੰਨਿਆ ਜਾਣ ਵਾਲਾ ਇਲਾਕਾ, ਅੱਜ ਇੱਕ ਗੰਭੀਰ ਘਾਤਕ ਸੰਕਟ ਦੀ ਲਪੇਟ ਵਿੱਚ ਘੁਟ ਰਿਹਾ ਹੈ। ਬਦਲਦੇ ਰਾਜਨੀਤਿਕ, ਸਮਾਜਿਕ ਤੇ ਅਰਥਚਾਰਕ ਰੂਪ ਵਿੱਚ ਇੱਕ ਨਵਾਂ ਖੋਖਲਾ ਪੁਨਰ-ਸਮਾਜ ਸਿਰਜਿਆ ਜਾ ਰਿਹਾ ਹੈ, ਜਿਸ ਵਿੱਚ ਗੈਂਗਸਟਰ ਸਭਿਆਚਾਰ ਨੂੰ ਵਾਹ ਲਾਉਣ ਵਾਲੀਆਂ ਘਟੀਆ ਫਿਲਮਾਂ ਤੇ ਰੈਪ ਗੀਤਾਂ ਦੀ ਜਹਿਰੀਲੀ ਸਤਰ ਨੇ ਨੌਜਵਾਨਾਂ ਦੀ ਰੂਹ ਨੂੰ ਖਾ ਲਿਆ ਹੈ।

ਅੱਜ ਸਿੱਖਿਆ ਪ੍ਰਣਾਲੀ ਦਾ ਨਿਘਾਰ ਲੱਖਾਂ ਯੂਥ ਨੂੰ ਵਿਦੇਸ਼ੀ ਪਰਵਾਸ ਵੱਲ ਧੱਕ ਰਿਹਾ ਹੈ, ਜਿੱਥੇ ਉਹ ਭਟਕ ਰਹੇ ਹਨ, ਉਧਾਰੀਆਂ ਵਿੱਚ ਡੁੱਬ ਰਹੇ ਹਨ ਤੇ ਨਿਰਾਸ਼ਾ ਵਿੱਚ ਘੁਟ ਰਹੇ ਹਨ। ਕਿਸਾਨੀ ਤਾਂ ਪੂਰੀ ਤਰ੍ਹਾਂ ਬਰਬਾਦੀ ਵੱਲ ਵਧ ਰਹੀ ਹੈ - ਛੋਟੀਆਂ ਜੋਤਾਂ ਟੁੱਟ ਰਹੀਆਂ ਹਨ, ਕਰਜ਼ੇ ਦਾ ਭਾਰ ਵਧਦਾ ਜਾ ਰਿਹਾ ਹੈ, ਆਤਮਹੱਤਿਆਵਾਂ ਦਾ ਸਿਲਸਿਲਾ ਜਾਰੀ ਹੈ ਤੇ ਰਾਜਨੀਤਿਕ ਪਾਰਟੀਆਂ ਇਸ ਤਬਾਹੀ ਤੋਂ ਵੋਟਾਂ ਤੇ ਗੋਟੀਆਂ ਬਿਠਾਉਣ ਲਈ ਫਾਇਦਾ ਉਠਾ ਰਹੀਆਂ ਹਨ।

ਅੱਜ ਇਸ ਘਿਣਾਉਣੀ ਹਕੀਕਤ ਨੂੰ ਤਿੱਖੀ ਤੇ ਬੇਬਾਕ ਭਾਸ਼ਾ ਵਿੱਚ ਉਜਾਗਰ ਕਰਦਾ ਹੈ - ਅੰਕੜਿਆਂ ਨਾਲ ਲੈਸ, ਝੂਠੀਆਂ ਆਸਾਂ ਤੋਂ ਬਿਨਾਂ। ਇਹ ਸਿਰਫ ਵਿਸ਼ਲੇਸ਼ਣ ਨਹੀਂ, ਇੱਕ ਚੀਖ ਹੈ ਜੋ ਪੰਜਾਬ ਵਾਸੀਆਂ ਨੂੰ ਜਾਗਣ ਲਈ ਮਜਬੂਰ ਕਰੇ।ਗੈਂਗਸਟਰ ਵਾਇਰਸ ਤੇ ਘਟੀਆ ਗੀਤਾਂ ਦਾ ਜਹਿਰੀਲਾ ਪ੍ਰਭਾਵ: ਯੂਥ ਨੂੰ ਬੰਦੂਕ ਵੱਲ ਧੱਕਣ ਵਾਲਾ ਖੇਲ ਪੰਜਾਬੀ ਸਭਿਆਚਾਰ ਇੱਕ ਵਾਰ ਲੋਕ ਗੀਤਾਂ, ਬੋਲੀਆਂ ਤੇ ਖੇਤੀ ਜੀਵਨ ਦੀ ਮਿੱਠਾਸ ਨਾਲ ਭਰਪੂਰ ਸੀ, ਪਰ ਅੱਜ ਇਸ ਨੂੰ ਗੈਂਗਸਟਰ ਰੈਪ, ਬੰਦੂਕਾਂ ਤੇ ਵਾਇਲੈਂਸ ਗੀਤਾਂ ਨੇ ਘੇਰ ਲਿਆ ਹੈ।

ਅੱਜ ਇਹ ਇਹ ਘਟੀਆ ਗੀਤ ਯੂਟਿਊਬ ਤੇ ਹੋਰ ਪਲੇਟਫਾਰਮਾਂ ਤੇ ਕਰੋੜਾਂ ਵਿਊਜ਼ ਖਾਣਾ ਹਨ, ਜਿਨ੍ਹਾਂ ਵਿੱਚ ਅਪਰਾਧੀ ਜੀਵਨ ਨੂੰ ਗਲੈਮਰਸ ਬਣਾ ਕੇ ਪੇਸ਼ ਕੀਤਾ ਜਾਂਦਾ ਹੈ - ਤੇਜ਼ ਗੱਡੀਆਂ, ਬੰਦੂਕਾਂ, ਰਿਵੈਂਜ ਤੇ ਲਕਜ਼ਰੀ ਲਾਈਫਸਟਾਈਲ ਦਾ ਝੂਠਾ ਸੁਪਨਾ। ਹਰਿਆਣਾ ਪੁਲਿਸ ਨੇ ਹੀ 67 ਐਸੇ ਗੀਤ ਡਿਜੀਟਲ ਪਲੇਟਫਾਰਮਾਂ ਤੋਂ ਹਟਾਏ ਹਨ, ਜੋ ਗੈਂਗ ਕਲਚਰ ਨੂੰ ਉਤਸ਼ਾਹਿਤ ਕਰਦੇ ਸਨ। ਪੰਜਾਬ ਵਿੱਚ ਵੀ ਇਸ ਵਾਇਰਸ ਨੇ ਡੀਪ ਰੂਟ ਪਕੜ ਲਈ ਹੈ। ਸੂਚਨਾ ਹੈ ਕਿ 2025 ਵਿੱਚ ਇੱਕਲੇ 916 ਗੈਂਗਸਟਰ ਗ੍ਰਿਫਤਾਰ ਕੀਤੇ, 13 ਨੂੰ ਨਿਊਟ੍ਰਲਾਈਜ਼ ਕੀਤਾ ਤੇ 389 ਮਾਡਿਊਲ ਧਸਤੇ। ਵਿਦੇਸ਼ਾਂ (ਖਾਸ ਕਰ ਕੈਨੇਡਾ) ਤੋਂ ਚੱਲ ਰਹੀਆਂ ਗੈਂਗਾਂ ਨਾਲ ਲਿੰਕਡ ਗੈਂਗਸਟਰਾਂ ਦੀ ਗਿਣਤੀ ਵੱਡੀ ਹੈ ਤੇ ਇਸ ਨਾਲ ਜੁੜੇ ਹਜ਼ਾਰਾਂ ਯੂਥ ਫਸ ਰਹੇ ਹਨ। ਇਹ ਗੀਤ ਨੌਜਵਾਨਾਂ ਨੂੰ ਤੇਜ਼ ਧਨ ਤੇ ਇੱਕ ਫੇਕ ਹੀਰੋਇਜ਼ਮ ਦਾ ਨਸ਼ਾ ਚੜ੍ਹਾਉਂਦੇ ਹਨ, ਜਦਕਿ ਅਸਲ ਵਿੱਚ ਇਹ ਨਸ਼ਾ, ਅਪਰਾਧ, ਜੇਲ੍ਹ ਤੇ ਮੌਤ ਵੱਲ ਲੈ ਜਾਂਦਾ ਹੈ।

ਅੱਜ ਗੈਂਗ ਵਾਇਲੈਂਸ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ ਤੇ ਯੂਥ ਵਿੱਚ ਇਸ ਨੂੰ ਹੀਰੋਇਜ਼ਮ ਸਮਝਣ ਵਾਲੀ ਮਾਨਸਿਕਤਾ ਫੈਲ ਰਹੀ ਹੈ। ਇਸ ਤੋਂ ਵੱਧ ਘਿਣਾਉਣੀ ਗੱਲ ਇਹ ਹੈ ਕਿ ਕੁਝ ਰਾਜਨੀਤਿਕ ਤਾਕਤਾਂ ਇਸ ਨੂੰ ਆਪਣੇ ਲਾਭ ਲਈ ਚੁੱਪਕੇ ਉਤਸ਼ਾਹਿਤ ਕਰਦੀਆਂ ਹਨ। ਇਹ ਘਟੀਆ ਸਤਰ ਪੰਜਾਬ ਦੀ ਰੂਹ ਨੂੰ ਖੋਖਲਾ ਕਰ ਰਹੀ ਹੈ ਤੇ ਯੂਥ ਨੂੰ ਬੰਦੂਕ ਚੁੱਕਣ ਵੱਲ ਧੱਕ ਰਹੀ ਹੈ। ਇਸ ਨੂੰ ਰੋਕਣ ਲਈ ਸਖ਼ਤੀ ਤੋਂ ਘੱਟ ਕੁਝ ਨਹੀਂ ਚੱਲੇਗਾ।

ਅੱਜ ਸਿੱਖਿਆ ਦਾ ਨਿਘਾਰ ਤੇ ਯੂਥ ਦਾ ਪਰਵਾਸ ਇੱਕ ਭਟਕਦਾ ਕਾਫਲਾ ਤੇ ਟੁੱਟਦੇ ਸੁਪਨੇਂ ਸਿਖਿਆ ਪ੍ਰਣਾਲੀ ਵਿੱਚ ਆਈ ਗੰਭੀਰ ਨਿਘਾਰ ਨੇ ਪੰਜਾਬ ਦੀ ਜਵਾਨੀ ਨੂੰ ਵਿਦੇਸ਼ਾਂ ਵੱਲ ਤੱਕਿਆ ਹੈ। ਲਿਟਰੇਸੀ ਰੇਟ ਵਧਿਆ ਭਾਵੇਂ ਹੈ, ਪਰ ਲਰਨਿੰਗ ਆਊਟਕਮ ਘਟੀਆ ਹਨ, ਡਰਾਪਆਊਟ ਰੇਟ ਉੱਚੇ ਹਨ ਤੇ ਯੂਥ ਅਨੈਮਪਲਾਇਮੈਂਟ ਭਿਆਨਕ ਹੈ। ਤਾਜ਼ਾ PLFS ਡਾਟਾ ਅਨੁਸਾਰ ਪੰਜਾਬ ਵਿੱਚ ਯੂਥ (15-29 ਸਾਲ) ਅਨੈਮਪਲਾਇਮੈਂਟ ਰੇਟ 18.9% ਤੱਕ ਹੈ, ਜੋ ਰਾਸ਼ਟਰੀ ਔਸਤ ਤੋਂ ਬਹੁਤ ਉੱਚਾ ਹੈ (ਰੂਰਲ ਖੇਤਰ ਵਿੱਚ ਇਹ ਹੋਰ ਵੀ ਭਿਆਨਕ)। ਔਰਤਾਂ ਵਿੱਚ ਇਹ ਰੇਟ ਪੁਰਸ਼ਾਂ ਤੋਂ ਲਗਭਗ ਦੁੱਗਣਾ ਹੈ।

ਅੱਜ ਇਸ ਨਿਰਾਸ਼ਾ ਨੇ ਲੱਖਾਂ ਨੌਜਵਾਨਾਂ ਨੂੰ ਪਰਵਾਸ ਵੱਲ ਧੱਕਿਆ। ਪਿਛਲੇ ਸਾਲਾਂ ਵਿੱਚ ਕੈਨੇਡਾ ਵੱਲ ਇੱਕਲੇ ਪੰਜਾਬੀ ਵਿਦਿਆਰਥੀਆਂ ਦੀ ਗਿਣਤੀ ਲੱਖਾਂ ਵਿੱਚ ਸੀ (2022 ਵਿੱਚ 1.36 ਲੱਖ ਤੱਕ), ਜੋ ਭਾਰਤ ਤੋਂ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦਾ ਵੱਡਾ ਹਿੱਸਾ ਸੀ। ਪਰ ਅੱਜ ਇਹ ਸੁਪਨਾ ਟੁੱਟ ਰਿਹਾ ਹੈ - ਕੈਨੇਡਾ ਨੇ ਵੀਜ਼ਾ ਨਿਯਮ ਸਖ਼ਤ ਕੀਤੇ ਹਨ ਤੇ 2025 ਵਿੱਚ ਇੰਡੀਅਨ ਸਟੂਡੈਂਟ ਪਰਮਿਟਸ ਵਿੱਚ ਲਗਭਗ 50% ਘਾਟ ਆਈ ਹੈ। ਪਾਸਪੋਰਟ ਅਪਲਾਈਆਂ ਵਿੱਚ 40% ਤੋਂ ਵੱਧ ਘਾਟ ਹੋਈ ਹੈ। PAU ਲੁਧਿਆਣਾ ਵਰਗੇ ਅਧਿਐਨਾਂ ਅਨੁਸਾਰ ਪੰਜਾਬੀਆਂ ਨੇ ਪਰਵਾਸ ਲਈ ਹਜ਼ਾਰਾਂ ਕਰੋੜ ਰੁਪਏ ਉਧਾਰ ਲਏ ਹਨ।ਪਰਵਾਸੀ ਯੂਥ ਉਦਾਸ ਤੇ ਨਿਰਾਸ਼ ਹੋ ਕੇ ਵਿਦੇਸ਼ਾਂ ਵਿੱਚ ਭਟਕ ਰਿਹਾ ਹੈ - ਘਰ ਵਾਪਸੀ ਘੱਟ, ਉਧਾਰੀਆਂ ਵਧੀਆਂ ਤੇ ਪਰਿਵਾਰ ਟੁੱਟ ਰਹੇ ਹਨ। ਇਸ ਨੇ ਆਰਥਿਕ ਤੇ ਮਾਨਸਿਕ ਬੋਝ ਵਧਾਇਆ ਹੈ। ਘਟੀਆ ਸਿੱਖਿਆ, ਬੇਰੁਜ਼ਗਾਰੀ ਤੇ ਭਟਕਣ ਦਾ ਚੱਕਰ ਯੂਥ ਨੂੰ ਖਤਮ ਕਰ ਰਿਹਾ ਹੈ।

ਹੁਣ ਇਹ ਵਿਸ਼ਾਣੂ ਪੰਜਾਬ ਦੀ ਭਵਿੱਖੀ ਪੀੜ੍ਹੀ ਨੂੰ ਖਾਲੀ ਖੋਲ ਬਣਾ ਰਿਹਾ ਹੈ। ਕਿਸਾਨੀ ਦੀ ਬਰਬਾਦੀ ਨੂੰ ਛੋਟੀਆਂ ਜੋਤਾਂ, ਵੱਧਦਾ ਕਰਜ਼ਾ ਤੇ ਆਤਮਹੱਤਿਆਵਾਂ ਦਾ ਸਿਲਸਿਲਾਪੰਜਾਬ ਦੀ ਕਿਸਾਨੀ ਇੱਕ ਘਾਤਕ ਚੱਕਰਵਿਊਹ ਵਿੱਚ ਫਸੀ ਹੋਈ ਹੈ। ਗ੍ਰੀਨ ਰੈਵੋਲਿਊਸ਼ਨ ਤੋਂ ਬਾਅਦ ਵੀ ਔਸਤ ਖੇਤੀ ਘਰਾਣਾ ਮਾਤਰ 2 ਏਕੜ ਤੱਕ ਸੀਮਤ ਹੈ ਤੇ 77% ਆਤਮਹੱਤਿਆਵਾਂ ਛੋਟੇ ਤੇ ਮੱਧਮ ਕਿਸਾਨਾਂ ਵੱਲੋਂ ਹਨ। NCRB ਅਨੁਸਾਰ 2019 ਵਿੱਚ 302 ਤੋਂ 2023 ਵਿੱਚ 174 ਫਾਰਮ ਸੁਸਾਈਡ ਘਟੇ ਹਨ, ਪਰ ਕਿਸਾਨ ਯੂਨੀਅਨਾਂ ਇਸ ਨੂੰ ਬਹੁਤ ਅੰਡਰ-ਰਿਪੋਰਟਿਡ ਮੰਨਦੀਆਂ ਹਨ - ਅਸਲ ਅੰਕੜਾ ਬਹੁਤ ਵੱਧ ਹੈ, ਖਾਸ ਕਰ ਮਾਲਵਾ ਖੇਤਰ ਵਿੱਚ।ਔਸਤ ਕਰਜ਼ਾ ਪ੍ਰਤੀ ਖੇਤੀ ਘਰਾਣਾ ?2.03 ਲੱਖ ਹੈ ਤੇ 54% ਤੋਂ ਵੱਧ ਘਰਾਣੇ ਕਰਜ਼ੇ ਵਿੱਚ ਹਨ। ਕੁੱਲ ਫਾਰਮ ਲੋਨ 1 ਲੱਖ ਕਰੋੜ ਤੋਂ ਵੱਧ ਤੱਕ ਪਹੁੰਚ ਗਿਆ ਹੈ।

PAU ਅਧਿਐਨ ਅਨੁਸਾਰ 80-89% ਖੇਤੀ ਘਰਾਣੇ ਕਰਜ਼ੇ ਵਿੱਚ ਹਨ ਤੇ ਔਸਤ ਰਕਮ ਇਸ ਤੋਂ ਵੀ ਵੱਧ ਹੋ ਸਕਦੀ ਹੈ। ਛੋਟੀਆਂ ਜੋਤਾਂ ਕਾਰਨ ਆਮਦਨ ਘੱਟ ਹੈ, ਖਰਚ ਵੱਧ (ਖਾਦ, ਬੀਜ, ਮਜ਼ਦੂਰੀ, ਇਰੀਗੇਸ਼ਨ), ਤੇ ਉਤਪਾਦਨ ਲਾਗਤ ਤੋਂ ਵੱਧ ਨਹੀਂ ਹੋ ਰਹੀ। ਮੋਨੋਕਲਚਰ (ਗੰਦਮ-ਝੋਨਾ) ਨੇ ਮਿੱਟੀ ਖਰਾਬ ਕੀਤੀ, ਭੂਗਰਭ ਜਲ ਘਟਿਆ (80% ਖੇਤਰ ਓਵਰ-ਐਕਸਪਲਾਇਟਿਡ) ਤੇ ਕੈਂਸਰ ਰੇਟ ਵਧਿਆ ਹੈ।ਵੱਡੀਆਂ ਜੋਤਾਂ ਵਾਲੇ ਧਨੀ ਕਿਸਾਨ ਲਾਭ ਉਠਾ ਰਹੇ ਹਨ, ਪਰ ਛੋਟੇ ਕਿਸਾਨ ਬਰਬਾਦ ਹੋ ਰਹੇ ਹਨ। ਇਸ ਵਿਭਾਜਨ ਨੇ ਸਮਾਜਿਕ ਅਸਮਾਨਤਾ ਵਧਾਈ ਹੈ ਤੇ ਕਰਜ਼ਾ ਇੱਕ ਮੌਤ ਦਾ ਫੰਦਾ ਬਣ ਗਿਆ ਹੈ। ਇਹ ਤਬਾਹੀ ਰੋਜ਼ਾਨਾ ਚੱਲ ਰਹੀ ਹੈ ਤੇ ਕੋਈ ਵੀ ਰਾਜਨੀਤਿਕ ਪਾਰਟੀ ਇਸ ਨੂੰ ਅਸਲ ਵਿੱਚ ਹੱਲ ਨਹੀਂ ਕਰ ਰਹੀ।

ਅੱਜ ਰਾਜਨੀਤਿਕ ਪਾਰਟੀਆਂ ਦਾ ਗੰਦਾ ਖੇਲਣ ਦਾ ਫਾਇਦਾ ਉਠਾਉਣ ਵਾਲੀਆਂ ਗੋਟੀਆਂ ਤੇ ਪਾਪੂਲਿਜ਼ਮਰਾਜਨੀਤਿਕ ਪਾਰਟੀਆਂ ਯੂਥ ਤੇ ਕਿਸਾਨਾਂ ਦੋਵਾਂ ਤੋਂ ਫਾਇਦਾ ਉਠਾ ਰਹੀਆਂ ਹਨ। ਕਿਸਾਨ ਅੰਦੋਲਨਾਂ ਨੂੰ ਰਾਜਨੀਤੀਕਰਨ ਕੀਤਾ ਗਿਆ, ਪਰ ਅਸਲ ਮੁੱਦੇ (ਕਰਜ਼ਾ ਮੁਆਫੀ, ਖੇਤੀ ਡਾਇਵਰਸੀਫਿਕੇਸ਼ਨ, ਬਿਹਤਰ ਆਮਦਨ) ਹੱਲ ਨਹੀਂ ਹੋਏ। ਫ੍ਰੀਬੀਜ਼ ਤੇ ਪਾਪੂਲਿਜ਼ਮ ਨੇ ਰਾਜ ਦਾ ਕਰਜ਼ਾ ਵਧਾਇਆ ਤੇ NITI ਆਇਓਗ ਦੇ ਫਿਸਕਲ ਹੈਲਥ ਇੰਡੈਕਸ ਵਿੱਚ ਪੰਜਾਬ ਲਗਾਤਾਰ ਆਖਰੀ ਰੈਂਕ ਤੇ ਹੈ (2023-24 ਵਿੱਚ ਸਕੋਰ ਸਿਰਫ 12.4)। ਡੈਬਟ ਟੂ GSDP ਰੇਸ਼ੋ 48% ਤੋਂ ਵੱਧ ਹੈ ਤੇ ਵਿਆਜ ਭੁਗਤਾਨ ਰੈਵੇਨਿਊ ਦਾ ਵੱਡਾ ਹਿੱਸਾ ਖਾ ਰਿਹਾ ਹੈ।ਪਾਰਟੀਆਂ ਯੂਥ ਨੂੰ ਪਰਵਾਸ ਤੇ ਗੈਂਗ ਕਲਚਰ ਵੱਲ ਭਟਕਣ ਦਾ ਇਲਜ਼ਾਮ ਇੱਕ ਦੂਜੇ ਤੇ ਲਾਉਂਦੀਆਂ ਹਨ, ਪਰ ਆਪਣੀਆਂ ਰਾਜਨੀਤਿਕ ਖੇਤਰਾਂ ਵਿੱਚ ਗੋਟੀਆਂ ਬਿਠਾਉਂਦੀਆਂ ਹਨ।

ਇਸ ਨੇ ਯੂਥ ਤੇ ਕਿਸਾਨਾਂ ਵਿੱਚ ਡੂੰਘੀ ਨਿਰਾਸ਼ਾ ਵਧਾਈ ਹੈ - ਉਹ ਭਟਕ ਰਹੇ ਹਨ, ਉਦਾਸ ਹਨ ਤੇ ਸਿਸਟਮ ਤੋਂ ਪੂਰੀ ਤਰ੍ਹਾਂ ਬੇਭਰੋਸ ਹੋ ਗਏ ਹਨ। ਅੱਜ ਅਰਥਚਾਰਾ ਤੇ ਸਮਾਜਿਕ ਤਬਾਹੀ, ਉਦਾਸੀ, ਨਸ਼ਾ ਤੇ ਨਿਰਾਸ਼ਾ ਦੀ ਲਹਿਰਪੰਜਾਬ ਦਾ GSDP ਗ੍ਰੋਥ ਰਾਸ਼ਟਰੀ ਔਸਤ ਤੋਂ ਘੱਟ ਹੈ ਤੇ ਖੇਤੀ ਤੇ ਉਦਯੋਗ ਘਟ ਰਹੇ ਹਨ। ਯੂਥ ਅਨੈਮਪਲਾਇਮੈਂਟ ਤੇ ਪਰਵਾਸ ਨੇ ਲੇਬਰ ਫੋਰਸ ਨੂੰ ਖਾਲੀ ਕੀਤਾ ਹੈ। ਸਮਾਜਿਕ ਤੌਰ ਤੇ ਉਦਾਸੀ ਫੈਲੀ ਹੋਈ ਹੈ - ਪਰਿਵਾਰ ਟੁੱਟ ਰਹੇ ਹਨ, ਨਸ਼ਾ ਵਧ ਰਿਹਾ ਹੈ (ਲੱਖਾਂ ਯੂਥ ਤੇ ਬੱਚੇ ਪ੍ਰਭਾਵਿਤ), ਤੇ ਗੈਂਗ ਵਾਇਲੈਂਸ ਪਬਲਿਕ ਇਵੈਂਟਾਂ ਤੱਕ ਪਹੁੰਚ ਗਿਆ ਹੈ। ਐੱਨਸੀਬੀ ਅਨੁਸਾਰ ਯੂਥ ਵਿੱਚ ਡਰੱਗ ਐਬਿਊਜ਼ ਭਿਆਨਕ ਹੈ ਤੇ ਇਸ ਨਾਲ ਜੁੜੀਆਂ ਸਮੱਸਿਆਵਾਂ ਵਧ ਰਹੀਆਂ ਹਨ।


ਇਹ ਨਿਰਾਸ਼ਾ ਇੱਕ ਘਾਤਕ ਚੱਕਰ ਹੈ। ਘਟੀਆ ਸਿੱਖਿਆ ਬੇਰੁਜ਼ਗਾਰੀ ਪਰਵਾਸ ਜਾਂ ਗੈਂਗ/ਨਸ਼ਾ ਆਰਥਿਕ ਤਬਾਹੀ ? ਹੋਰ ਨਿਰਾਸ਼ਾ ਤੇ ਉਦਾਸੀ। ਛੋਟੀਆਂ ਜੋਤਾਂ ਤੇ ਕਰਜ਼ਾ ਕਿਸਾਨੀ ਨੂੰ ਮੌਤ ਵੱਲ ਧੱਕ ਰਿਹਾ ਹੈ, ਜਦਕਿ ਰਾਜਨੀਤੀ ਇਸ ਨੂੰ ਵੋਟ ਬੈਂਕ ਵਜੋਂ ਵਰਤ ਰਹੀ ਹੈ।

ਅੱਜ ਜ਼ਰੂਰਤ ਹੈ, ਜਾਗੋ ਪੰਜਾਬ, ਵਰਨਾ ਇਹ ਬਰਬਾਦੀ ਅਟੱਲ ਹੈ । ਪੰਜਾਬ ਦੀ ਇਸ ਤਸਵੀਰ ਵਿੱਚ ਗੈਂਗਸਟਰ ਗੀਤਾਂ ਦੀ ਘਟੀਆ ਸਤਰ, ਸਿੱਖਿਆ ਦਾ ਨਿਘਾਰ, ਯੂਥ ਦਾ ਭਟਕਣਾ ਪਰਵਾਸ, ਕਿਸਾਨੀ ਦੀ ਖ਼ੂਨ ਵਹਾਉਂਦੀ ਬਰਬਾਦੀ ਤੇ ਰਾਜਨੀਤਿਕ ਗੰਦਾ ਖੇਲ ਨੇ ਇੱਕ ਭਿਆਨਕ ਚਿੱਤਰ ਬਣਾਇਆ ਹੈ। ਲੱਖਾਂ ਨੌਜਵਾਨ ਭਟਕ ਰਹੇ ਹਨ, ਕਿਸਾਨ ਉਦਾਸ ਤੇ ਨਿਰਾਸ਼ ਹਨ ਤੇ ਪੂਰਾ ਸਮਾਜ ਖੋਖਲਾ ਹੋ ਰਿਹਾ ਹੈ।ਇਸ ਤੋਂ ਬਚਣ ਲਈ ਤਿੱਖੀ ਤੇ ਤੁਰੰਤ ਕਾਰਵਾਈ ਲੋੜੀਂਦੀ ਹੈ - ਸਿੱਖਿਆ ਵਿੱਚ ਗੁਣਵੱਤਾ ਸੁਧਾਰ, ਖੇਤੀ ਡਾਇਵਰਸੀਫਿਕੇਸ਼ਨ ਤੇ ਬਿਹਤਰ ਆਮਦਨ, ਰੁਜ਼ਗਾਰ ਸਿਰਜਣਾ, ਗੈਂਗਸਟਰ ਤੇ ਨਸ਼ੇ ਖਿਲਾਫ ਬੇਰਿਹਮੀ ਨਾਲ ਸਖ਼ਤੀ, ਤੇ ਰਾਜਨੀਤੀ ਤੋਂ ਉੱਪਰ ਉੱਠ ਕੇ ਸੋਚਣਾ। ਫ੍ਰੀਬੀਜ਼ ਤੇ ਪਾਪੂਲਿਜ਼ਮ ਛੱਡ ਕੇ ਅਸਲ ਸੁਧਾਰ ਲਿਆਓ।

ਆਓ ਪੰਜਾਬ ਵਾਸੀਓ, ਇਹ ਤੁਹਾਡੀ ਧਰਤੀ ਹੈ - ਇਸ ਨੂੰ ਬਚਾਓ। ਵਰਨਾ ਇਹ ਬਦਲਦਾ ਪੁਨਰ-ਸਮਾਜ ਇੱਕ ਖਾਲੀ, ਉਦਾਸ ਤੇ ਬਰਬਾਦ ਖੋਲ ਬਣ ਜਾਵੇਗਾ, ਜਿੱਥੇ ਸਿਰਫ ਨਿਰਾਸ਼ਾ ਤੇ ਮੌਤ ਰਾਜ ਕਰੇਗੀ। ਜਾਗੋ, ਲੜੋ ਤੇ ਬਦਲਾਅ ਲਿਆਓ - ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ। ਇਹ ਤੁਹਾਡੀ ਆਖਰੀ ਲੜਾਈ ਹੈ। ਇਸ ਲੇਖ ਵਿੱਚ ਵਰਤੇ ਗਏ ਅੰਕੜੇ NCRB, PLFS, PAU, NITI ਆਇਓਗ ਤੇ ਹੋਰ ਤਾਜ਼ਾ ਰਿਪੋਰਟਾਂ ਤੋਂ ਲਏ ਗਏ ਹਨ।

## ਇੱਕ ਇਤਿਹਾਸਕ ਨਿਰਖ-ਪਰਖ (ਮਾਰਚ 2026 )

# ਭਾਰਤ ਦੀ ਊਰਜਾ ਸੁਰੱਖਿਆ ਅਤੇ ਤੇਲ ਦੀ ਸਿਆਸਤ



ਵਿੰਕਲਜੀਤ ਸਿੰਘ ਸਰਾ
9501477889

**ਊਰਜਾ ਸੰਕਟ ਦੀ ਦਹਿਲੀਜ਼ 'ਤੇ ਖੜ੍ਹਾ ਭਾਰਤ** : ਅੱਜ ਦੇ ਆਧੁਨਿਕ ਯੁੱਗ ਵਿੱਚ ਜੇਕਰ ਕਿਸੇ ਦੇਸ਼ ਦੀ ਤਰੱਕੀ ਦੀ ਰਫ਼ਤਾਰ ਨੂੰ ਮਾਪਣਾ ਹੋਵੇ ਤਾਂ ਉਸ ਦੇ ਤੇਲ ਅਤੇ ਗੈਸ ਦੇ ਭੰਡਾਰਾਂ ਵੱਲ ਦੇਖਣਾ ਪੈਂਦਾ ਹੈ। ਸਾਲ 2026 ਦੇ ਮਾਰਚ ਮਹੀਨੇ ਵਿੱਚ ਜਦੋਂ ਅਸੀਂ ਇਸ ਲੇਖ ਰਾਹੀਂ ਵਰਤਮਾਨ ਹਾਲਾਤਾਂ ਦੀ ਪੜਚੋਲ ਕਰ ਰਹੇ ਹਾਂ ਤਾਂ ਦੁਨੀਆ ਇੱਕ ਬਹੁਤ ਹੀ ਖ਼ਤਰਨਾਕ ਮੋੜ 'ਤੇ ਖੜ੍ਹੀ ਹੈ। ਪੱਛਮੀ ਏਸ਼ੀਆ (Middle East) ਵਿੱਚ ਇਜ਼ਰਾਈਲ ਅਤੇ ਈਰਾਨ ਵਿਚਾਲੇ ਭੜਕੀ ਸਿੱਧੀ ਜੰਗ ਨੇ ਸਿਰਫ਼ ਦੋ ਦੇਸ਼ਾਂ ਨੂੰ ਹੀ ਨਹੀਂ ਬਲਕਿ ਪੂਰੀ ਦੁਨੀਆ ਦੀ ਆਰਥਿਕ ਸਪਲਾਈ ਚੇਨ ਨੂੰ ਤਬਾਹ ਕਰ ਦਿੱਤਾ ਹੈ। ਭਾਰਤ ਲਈ ਇਹ ਸਥਿਤੀ ਸਭ ਤੋਂ ਵੱਧ ਚੁਣੌਤੀਪੂਰਨ ਹੈ ਕਿਉਂਕਿ ਸਾਡੀ ਰਸੋਈ ਤੋਂ ਲੈ ਕੇ ਸਾਡੀਆਂ ਸੜਕਾਂ 'ਤੇ ਚੱਲਣ ਵਾਲੀਆਂ ਗੱਡੀਆਂ ਤੱਕ ਸਭ ਕੁਝ ਉਸ ਕਾਲੇ ਸੋਨੇ (ਕੱਚੇ ਤੇਲ) 'ਤੇ ਨਿਰਭਰ ਹੈ ਜੋ ਹਜ਼ਾਰਾਂ ਮੀਲ ਦੂਰੋਂ ਸਮੁੰਦਰੀ ਰਸਤਿਆਂ ਰਾਹੀਂ ਸਾਡੇ ਤੱਕ ਪਹੁੰਚਦਾ ਹੈ।

**ਇਜ਼ਰਾਈਲ-ਈਰਾਨ ਜੰਗ; ਕੀ ਵਾਕਿਆ ਹੀ ਸਾਡੀ LPG ਸੁਰੱਖਿਅਤ ਹੈ** : ਮੌਜੂਦਾ ਜੰਗੀ ਹਾਲਾਤਾਂ ਵਿੱਚ ਸਭ ਤੋਂ ਵੱਡਾ ਖ਼ਤਰਾ ਹੋਰਮੁਜ਼ ਦੀ ਜਲਡਮਰੂ (Strait of Hormuz) @ਤੇ ਬਣਿਆ ਹੋਇਆ ਹੈ। ਇਹ ਉਹ ਤੰਗ ਸਮੁੰਦਰੀ ਰਸਤਾ ਹੈ ਜਿੱਥੋਂ ਦੁਨੀਆ ਦਾ ਇੱਕ-ਤਿਹਾਈ ਤੇਲ ਲੰਘਦਾ ਹੈ। ਭਾਰਤ ਦੀ LPG (ਰਸੋਈ ਗੈਸ) ਦਾ ਲਗਭਗ 60-70% ਹਿੱਸਾ ਕਤਰ ਅਤੇ ਸਾਊਦੀ ਅਰਬ ਤੋਂ ਇਸੇ ਰਸਤੇ ਰਾਹੀਂ ਆਉਂਦਾ ਹੈ। ਈਰਾਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਇਜ਼ਰਾਈਲ ਨੇ ਉਸ ਦੇ ਤੇਲ ਦੇ ਖੂਹਾਂ 'ਤੇ ਹਮਲਾ ਕੀਤਾ ਤਾਂ ਉਹ ਇਸ ਰਸਤੇ ਨੂੰ ਪੂਰੀ ਤਰ੍ਹਾਂ ਬੰਦ ਕਰ ਦੇਵੇਗਾ। ਇੱਥੇ ਇੱਕ ਕੌੜੀ ਸੱਚਾਈ ਇਹ ਹੈ ਕਿ ਜੇਕਰ ਇਹ ਰਸਤਾ ਸਿਰਫ਼ 15 ਦਿਨਾਂ ਲਈ ਵੀ ਬੰਦ ਹੁੰਦਾ ਹੈ ਤਾਂ ਭਾਰਤ ਵਿੱਚ LPG ਸਿਲੰਡਰਾਂ ਦੀ ਵੇਟਿੰਗ (Waiting) ਮਹੀਨਿਆਂ ਤੱਕ ਪਹੁੰਚ ਜਾਵੇਗੀ। ਸਰਕਾਰ ਵੱਲੋਂ ਜਨਤਾ ਨੂੰ ਭਰੋਸਾ ਦਿੱਤਾ ਜਾ ਰਿਹਾ ਹੈ ਕਿ ਸਪਲਾਈ ਜਾਰੀ ਰਹੇਗੀ ਪਰ ਸੱਚਾਈ ਇਹ ਹੈ ਕਿ ਅਸੀਂ ਇੱਕ ਬਹੁਤ ਹੀ ਪਤਲੀ ਤਾਰ 'ਤੇ ਚੱਲ ਰਹੇ ਹਾਂ। ਕੀਮਤਾਂ ਵਿੱਚ ਵਾਧਾ ਸਿਰਫ਼ ਤੇਲ ਕੰਪਨੀਆਂ ਦਾ ਫ਼ੈਸਲਾ ਨਹੀਂ ਬਲਕਿ ਇਸ ਵਿਸ਼ਵਵਿਆਪੀ ਜੰਗ ਦਾ ਸਿੱਧਾ ਨਤੀਜਾ ਹੈ।

**ਰੂਸੀ ਤੇਲ ਦੀ ਪਹੇਲੀ; ਅਮਰੀਕਾ ਦਾ ਦਬਾਅ ਜਾਂ ਰਣਨੀਤਕ ਮਜ਼ਬੂਰੀ ?** : ਸਾਲ 2022 ਤੋਂ ਬਾਅਦ ਰੂਸ ਭਾਰਤ ਦਾ ਸਭ ਤੋਂ ਵੱਡਾ ਤੇਲ ਸਪਲਾਇਰ ਬਣ ਕੇ ਉੱਭਰਿਆ ਸੀ। ਪਰ 2025 ਦੇ ਅਖੀਰ ਵਿੱਚ ਅਸੀਂ ਦੇਖਿਆ ਕਿ ਭਾਰਤ ਨੇ ਰੂਸ ਤੋਂ ਤੇਲ ਲੈਣਾ ਘੱਟ ਕਰ ਦਿੱਤਾ। ਬਹੁਤ ਸਾਰੇ ਮਾਹਰ ਇਸ ਨੂੰ ਅਮਰੀਕਾ ਦੇ ਡਰ ਵਜੋਂ ਦੇਖਦੇ ਹਨ ਪਰ ਇਸ ਦੀ ਨਿਰਖ-ਪਰਖ ਕਰਨ 'ਤੇ ਕੁਝ ਹੋਰ ਹੀ ਤੱਥ ਸਾਹਮਣੇ ਆਉਂਦੇ ਹਨ।

ਅਸਲ ਵਿੱਚ ਅਮਰੀਕਾ ਨੇ ਰੂਸੀ ਤੇਲ 'ਤੇ ਪ੍ਰਾਈਸ ਕੈਪ (Price Cap) ਲਗਾ ਦਿੱਤੀ ਸੀ ਜਿਸ ਦਾ ਮਤਲਬ ਸੀ ਕਿ ਕੋਈ ਵੀ ਦੇਸ਼ ਇੱਕ ਨਿਸ਼ਚਿਤ ਕੀਮਤ ਤੋਂ ਵੱਧ ਪੈਸੇ ਰੂਸ ਨੂੰ ਨਹੀਂ ਦੇ ਸਕਦਾ। ਜਦੋਂ ਰੂਸ ਨੇ ਡਿਸਕਾਊਂਟ ਦੇਣਾ ਬੰਦ ਕਰ ਦਿੱਤਾ ਤਾਂ ਭਾਰਤ ਲਈ ਰੂਸੀ ਤੇਲ ਖਰੀਦਣਾ ਮਹਿੰਗਾ ਪੈਣ ਲੱਗਾ ਕਿਉਂਕਿ ਉਸ 'ਤੇ ਲੱਗਣ ਵਾਲਾ ਭਾੜਾ (Freight) ਅਤੇ ਇੰਸ਼ੋਰੈਂਸ (Insurance) ਬਹੁਤ ਜ਼ਿਆਦਾ ਸੀ। ਪਰ ਹੁਣ ਮਾਰਚ 2026 ਵਿੱਚ ਜਦੋਂ ਅਰਬ ਦੇਸ਼ਾਂ ਵਿੱਚ ਜੰਗ ਲੱਗੀ ਹੈ ਭਾਰਤ ਨੇ ਦੁਬਾਰਾ ਰੂਸ ਨਾਲ ਗੁਪਤ ਸਮਝੌਤੇ ਕੀਤੇ ਹਨ। ਇਹ ਭਾਰਤ ਦੀ "Foreign Policy" ਦੀ ਜਿੱਤ ਹੈ ਕਿ ਅਸੀਂ ਅਮਰੀਕਾ ਦੀ ਦੋਸਤੀ ਵੀ ਨਿਭਾ ਰਹੇ ਹਾਂ ਅਤੇ ਰੂਸ ਤੋਂ ਆਪਣਾ ਤੇਲ ਵੀ ਲੈ ਰਹੇ ਹਾਂ।

**ਭਾਰਤ ਦੀ ਧਰਤੀ ਵਿੱਚ ਤੇਲ ਕਿਉਂ ਨਹੀਂ ?** : ਇੱਕ ਆਮ ਭਾਰਤੀ ਦੇ ਮਨ ਵਿੱਚ ਇਹ ਸਵਾਲ ਉੱਠਦਾ ਹੈ ਕਿ ਅਸੀਂ ਆਪਣੀ ਧਰਤੀ ਵਿੱਚੋਂ ਤੇਲ ਕਿਉਂ ਨਹੀਂ ਕੱਢਦੇ ? ਕੀ ਸਾਡੇ ਇੰਜੀਨੀਅਰ ਕਾਬਲ ਨਹੀਂ ਹਨ ? ਨਹੀਂ, ਅਸਲ ਕਾਰਨ ਭੂਗੋਲਿਕ (Geological) ਹੈ। ਭਾਰਤ ਦੇ ਕੋਲ ਜੋ ਤੇਲ ਦੇ ਭੰਡਾਰ ਹਨ ਉਹ ਬਹੁਤ ਛੋਟੇ ਅਤੇ ਖਿੰਡੇ ਹੋਏ ਹਨ। ਖਰਚਾ: ਸਾਊਦੀ ਅਰਬ ਵਿੱਚ ਇੱਕ ਬੈਰਲ ਤੇਲ ਕੱਢਣ ਦਾ ਖਰਚਾ ਲਗਭਗ £5-10 ਆਉਂਦਾ ਹੈ ਜਦਕਿ ਭਾਰਤ ਦੇ ਪੁਰਾਣੇ ਖੂਹਾਂ ਵਿੱਚੋਂ ਤੇਲ ਕੱਢਣ ਦਾ ਖਰਚਾ £40-50 ਤੱਕ ਪਹੁੰਚ ਜਾਂਦਾ ਹੈ। ਤਕਨੀਕ: ਸਾਡੇ ਕੋਲ ਮੌਜੂਦ ਤੇਲ 'Deep Sea' (ਡੂੰਘੇ ਸਮੁੰਦਰ) ਵਿੱਚ ਹੈ। ਉੱਥੋਂ ਤੇਲ ਕੱਢਣ ਲਈ ਜਿਸ ਉੱਚ-ਪੱਧਰੀ ਤਕਨੀਕ ਦੀ ਲੋੜ ਹੈ ਉਹ ਦੁਨੀਆ ਦੀਆਂ ਸਿਰਫ਼ 3-4 ਵੱਡੀਆਂ ਕੰਪਨੀਆਂ ਕੋਲ ਹੀ ਹੈ ਜੋ ਭਾਰਤ ਵਿੱਚ ਨਿਵੇਸ਼ ਕਰਨ ਤੋਂ ਡਰਦੀਆਂ ਹਨ। ਡੂੰਘੇ ਸਮੁੰਦਰ (Deep Sea) ਵਿੱਚੋਂ ਤੇਲ ਕੱਢਣ ਦੀ ਮਹਾਰਤ ਰੱਖਣ ਵਾਲੀਆਂ ਉਹ 3-4 ਪ੍ਰਮੁੱਖ ਵਿਸ਼ਵਵਿਆਪੀ ਕੰਪਨੀਆਂ ਮੁੱਖ ਤੌਰ 'ਤੇ ਅਮਰੀਕਾ ਅਤੇ ਯੂਰਪ ਦੀਆਂ ਹਨ ਜਿਨ੍ਹਾਂ ਵਿੱਚ ExxonMobil (ਅਮਰੀਕਾ), Chevron (ਅਮਰੀਕਾ), Shell (ਨੀਦਰਲੈਂਡ/ਬਰਤਾਨੀਆ) ਅਤੇ TotalEnergies (ਫਰਾਂਸ) ਸ਼ਾਮਲ ਹਨ। ਇਹਨਾਂ ਕੰਪਨੀਆਂ ਦਾ ਵਿਸ਼ਵਾਸ ਜਿੱਤਣ ਲਈ ਭਾਰਤ ਨੂੰ ਸਭ ਤੋਂ ਪਹਿਲਾਂ ਆਪਣੇ ਟੈਕਸ ਢਾਂਚੇ ਅਤੇ ਨਿਯਮਾਂ (Regulatory Framework) ਵਿੱਚ ਸਥਿਰਤਾ ਲਿਆਉਣੀ ਪਵੇਗੀ ਕਿਉਂਕਿ ਇਹ ਕੰਪਨੀਆਂ ਅਕਸਰ ਗੁੰਝਲਦਾਰ ਕਾਨੂੰਨੀ ਪ੍ਰਕਿਰਿਆਵਾਂ ਅਤੇ ਟੈਕਸ ਵਿਵਾਦਾਂ ਕਾਰਨ ਨਿਵੇਸ਼ ਤੋਂ ਡਰਦੀਆਂ ਹਨ। ਭਾਰਤ ਨੂੰ ਪ੍ਰੋਫਿਟ ਸ਼ੇਅਰਿੰਗ ਮਾਡਲ ਦੀ ਥਾਂ ਵਧੇਰੇ ਉਦਾਰ ਰੈਵੇਨਿਊ ਸ਼ੇਅਰਿੰਗ ਨੀਤੀ ਨੂੰ ਸਖ਼ਤੀ ਨਾਲ ਲਾਗੂ ਕਰਨਾ ਪਵੇਗਾ ਅਤੇ ਇਹਨਾਂ ਕੰਪਨੀਆਂ ਨੂੰ ਇਹ ਭਰੋਸਾ ਦਿਵਾਉਣਾ ਪਵੇਗਾ ਕਿ ਉਹਨਾਂ ਦੀ ਮਹਿੰਗੀ ਤਕਨੀਕ ਅਤੇ ਲੰਬੇ ਸਮੇਂ ਦੇ ਨਿਵੇਸ਼ 'ਤੇ ਸਰਕਾਰੀ ਦਖਲਅੰਦਾਜ਼ੀ ਘੱਟ ਹੋਵੇਗੀ। ਇਸ ਤੋਂ ਇਲਾਵਾ ਤੇਲ ਖੋਜਣ ਦੇ ਖੇਤਰਾਂ (Oil Blocks) ਦੀ ਨਿਲਾਮੀ ਪ੍ਰਕਿਰਿਆ ਨੂੰ ਹੋਰ ਪਾਰਦਰਸ਼ੀ ਬਣਾ ਕੇ ਅਤੇ ਈਜ਼ ਆਫ ਡੂਇੰਗ ਬਿਜ਼ਨਸ ਨੂੰ ਹਕੀਕਤ ਵਿੱਚ ਲਾਗੂ ਕਰਕੇ ਹੀ ਭਾਰਤ ਇਹਨਾਂ ਵਿਸ਼ਵ ਦਿੱਗਜਾਂ ਨੂੰ ਆਪਣੇ ਤੱਟਾਂ ਵੱਲ ਖਿੱਚ ਸਕਦਾ ਹੈ। ਇਹੀ ਕਾਰਨ ਹੈ ਕਿ ਅਸੀਂ ਚਾਹ ਕੇ ਵੀ ਰਾਤੋ-ਰਾਤ ਆਪਣੀ ਪੈਦਾਵਾਰ ਨਹੀਂ ਵਧਾ ਸਕਦੇ। ਅਸੀਂ ਆਪਣੀ ਲੋੜ ਦਾ ਸਿਰਫ਼ 10% ਹੀ ਪੈਦਾ ਕਰ ਪਾ ਰਹੇ ਹਾਂ ਜੋ ਕਿ ਇੱਕ ਚਿੰਤਾਜਨਕ ਅੰਕੜਾ ਹੈ।

**ਕੀ ਜਨਤਾ ਨੂੰ ਅਸਲੀਅਤ ਤੋਂ ਦੂਰ ਰੱਖਿਆ ਜਾ ਰਿਹਾ ਹੈ ?** : ਸਰਕਾਰੀ ਪ੍ਰਚਾਰ ਅਨੁਸਾਰ ਭਾਰਤ ਕੋਲ "Strategic Petroleum Reserves" ਹਨ। ਆਓ ਇਸ ਦੀ ਬਾਰੀਕੀ ਨਾਲ ਪੜਚੋਲ ਕਰੀਏ। ਭਾਰਤ ਕੋਲ ਤਿੰਨ ਮੁੱਖ ਥਾਵਾਂ 'ਤੇ ਤੇਲ ਜਮ੍ਹਾਂ ਹੈ ਜੋ ਕੁੱਲ ਮਿਲਾ ਕੇ ਲਗਭਗ 39 ਮਿਲੀਅਨ ਬੈਰਲ ਬਣਦਾ ਹੈ। ਇਹ ਸੁਣਨ ਵਿੱਚ ਬਹੁਤ ਵੱਡਾ ਲੱਗਦਾ ਹੈ ਪਰ ਭਾਰਤ ਦੀ ਰੋਜ਼ਾਨਾ ਦੀ ਖਪਤ ਲਗਭਗ 5 ਮਿਲੀਅਨ ਬੈਰਲ ਹੈ। ਇਸ ਦਾ ਮਤਲਬ ਹੈ ਕਿ ਜੇਕਰ ਅੱਜ ਦੁਨੀਆ ਤੋਂ ਤੇਲ ਆਉਣਾ ਬੰਦ ਹੋ ਜਾਵੇ ਤਾਂ ਸਾਡੇ ਕੋਲ ਮੌਜੂਦ ਐਮਰਜੈਂਸੀ ਭੰਡਾਰ ਸਿਰਫ਼ 9-10 ਦਿਨ ਹੀ ਚੱਲਣਗੇ। ਬਾਕੀ ਦਾ ਸਟਾਕ ਤੇਲ ਕੰਪਨੀਆਂ ਦੇ ਟੈਂਕਾਂ ਵਿੱਚ ਹੁੰਦਾ ਹੈ ਜੋ ਸਾਨੂੰ 60-65 ਦਿਨ ਹੋਰ ਕੱਢ ਕੇ ਦੇ ਸਕਦਾ ਹੈ। ਕੁੱਲ ਮਿਲਾ ਕੇ ਸਾਡੇ ਕੋਲ 75 ਦਿਨਾਂ ਸਮਾਂ ਹੈ। ਜੇਕਰ ਜੰਗ ਇਸ ਤੋਂ ਲੰਬੀ ਚੱਲੀ ਤਾਂ ਦੇਸ਼ ਵਿੱਚ ਹਾਹਾਕਾਰ ਮੱਚਣੀ ਤੈਅ ਹੈ। ਇਸ ਲਈ ਜਨਤਾ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਹਾਲਾਤ ਓਨੇ ਸੁਖਾਲੇ ਨਹੀਂ ਹਨ ਜਿੰਨੇ ਦਿਖਾਏ ਜਾ ਰਹੇ ਹਨ।

**ਤੇਲ ਦੀ ਸਿਆਸਤ ਅਤੇ ਆਮ ਆਦਮੀ ਦੀ ਜੇਬ** : ਤੇਲ ਸਿਰਫ਼ ਇੱਕ ਬਾਲਣ ਨਹੀਂ ਬਲਕਿ ਇੱਕ "Political Tool" ਹੈ। ਜਦੋਂ ਤੇਲ ਮਹਿੰਗਾ ਹੁੰਦਾ ਹੈ ਤਾਂ ਸਿਰਫ਼ ਪੈਟਰੋਲ-ਡੀਜ਼ਲ ਹੀ ਮਹਿੰਗਾ ਨਹੀਂ ਹੁੰਦਾ ਬਲਕਿ ਸਬਜ਼ੀਆਂ, ਦੁੱਧ ਅਤੇ ਹਰ ਜ਼ਰੂਰੀ ਵਸਤੂ ਦੀ ਕੀਮਤ ਵਧ ਜਾਂਦੀ ਹੈ ਕਿਉਂਕਿ ਟਰਾਂਸਪੋਰਟ ਦਾ ਖਰਚਾ ਵਧ ਜਾਂਦਾ ਹੈ। ਸਾਲ 2026 ਦੇ ਮੱਧ ਤੱਕ ਭਾਰਤ ਵਿੱਚ ਮਹਿੰਗਾਈ ਦਰ (Inflation) ਦੇ ਵਧਣ ਦਾ ਸਭ ਤੋਂ ਵੱਡਾ ਕਾਰਨ ਇਹੀ ਤੇਲ ਸੰਕਟ ਹੋਵੇਗਾ। ਸਰਕਾਰ ਟੈਕਸ ਘਟਾ ਕੇ ਕੁਝ ਰਾਹਤ ਤਾਂ ਦੇ ਸਕਦੀ ਹੈ ਪਰ ਉਹ ਕਦੋਂ ਤੱਕ ਖ਼ਜ਼ਾਨੇ ਨੂੰ ਖਾਲੀ ਕਰੇਗੀ ? ਇਹ ਇੱਕ ਅਜਿਹਾ ਚੱਕਰ ਹੈ ਜਿਸ ਵਿੱਚ ਆਮ ਬੰਦਾ ਸਭ ਤੋਂ ਵੱਧ ਪੀਸਿਆ ਜਾਂਦਾ ਹੈ।

**ਭਾਰਤ ਦੀ ਨਵੀਂ ਊਰਜਾ ਨੀਤੀ; ਇੱਕ ਆਸ ਦੀ ਕਿਰਨ** : ਇਸ ਸਾਰੀ ਹਨੇਰੀ ਸਥਿਤੀ ਵਿੱਚ ਕੁਝ ਚੰਗੇ ਕਦਮ ਵੀ ਚੁੱਕੇ ਜਾ ਰਹੇ ਹਨ। ਭਾਰਤ ਹੁਣ ਆਪਣੀ ਨਿਰਭਰਤਾ ਨੂੰ ਵੰਡ ਰਿਹਾ ਹੈ। Ethanol Blending (ਇਥਾਨੋਲ ਦਾ ਸੁਮੇਲ): ਭਾਰਤ ਨੇ 2026 ਤੱਕ ਪੈਟਰੋਲ ਵਿੱਚ 20% ਇਥਾਨੋਲ ਮਿਲਾਉਣ ਦਾ ਟੀਚਾ ਹਾਸਲ ਕਰ ਲਿਆ ਹੈ। ਇਸ ਨਾਲ ਹਰ ਸਾਲ ਅਰਬਾਂ ਰੁਪਏ ਦਾ ਵਿਦੇਸ਼ੀ ਮੁਦਰਾ ਭੰਡਾਰ ਬਚ ਰਿਹਾ ਹੈ। Green Hydrogen (ਹਰੀ ਹਾਈਡ੍ਰੋਜਨ): ਭਾਰਤ ਦੁਨੀਆ ਦਾ ਹਾਈਡ੍ਰੋਜਨ ਹੱਬ ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ। ਜੇਕਰ ਅਗਲੇ 5-10 ਸਾਲਾਂ ਵਿੱਚ ਭਾਰਤ ਭਾਰੀ ਵਾਹਨ (Trucks/Buses) ਹਾਈਡ੍ਰੋਜਨ @ਤੇ ਚੱਲਣ ਲੱਗ ਪਏ ਤਾਂ ਸਾਡੀ ਤੇਲ ਦੀ ਲੋੜ 40% ਤੱਕ ਘਟ ਸਕਦੀ ਹੈ। Electric Revolution: ਸ਼ਹਿਰਾਂ ਵਿੱਚ ਇਲੈਕਟ੍ਰਿਕ ਸਕੂਟਰਾਂ ਅਤੇ ਕਾਰਾਂ ਦੀ ਵਧਦੀ ਗਿਣਤੀ ਭਵਿੱਖ ਦੀ ਇੱਕ ਸੁਖਦ ਤਸਵੀਰ ਪੇਸ਼ ਕਰਦੀ ਹੈ।

ਵਿਸ਼ੇਸ਼ ਨਿਰਖ-ਪਰਖ; ਮਾਰਚ 2026 : ਮਾਰਚ 2026 ਦੀਆਂ ਤਾਜ਼ਾ ਰਿਪੋਰਟਾਂ ਭਾਰਤ ਲਈ ਇੱਕ ਗੰਭੀਰ ਚੇਤਾਵਨੀ ਜਾਰੀ ਕਰਦੀਆਂ ਹਨ। ਰਿਪੋਰਟਾਂ ਅਨੁਸਾਰ ਅਮਰੀਕਾ ਅਤੇ ਈਰਾਨ ਵਿਚਾਲੇ ਵਧ ਰਹੇ ਤਣਾਅ ਕਾਰਨ ਵਿਸ਼ਵ ਬਾਜ਼ਾਰ ਸਿਰਫ਼ ਆਰਥਿਕ ਨਹੀਂ ਬਲਕਿ ਇੱਕ ਵੱਡੀ ਭੂ-ਰਾਜਨੀਤਿਕ ਤਬਦੀਲੀ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਇਹ ਜੰਗ ਲੰਬੇ ਸਮੇਂ ਤੱਕ ਚੱਲਣ ਵਾਲੀ ਹੈ ਜਿਸ ਨਾਲ ਅਨਿਸ਼ਚਿਤਤਾ ਵਧੇਗੀ। ਭਾਰਤ ਲਈ ਸਭ ਤੋਂ ਵੱਡਾ ਖ਼ਤਰਾ ਮਹਿੰਗਾਈ ਦਰ ਦਾ ਹੈ। ਜੇਕਰ ਕੱਚੇ ਤੇਲ ਦੀਆਂ ਕੀਮਤਾਂ ਉੱਚੀਆਂ ਰਹਿੰਦੀਆਂ ਹਨ ਤਾਂ ਆਉਣ ਵਾਲੇ ਮਹੀਨਿਆਂ ਵਿੱਚ ਭਾਰਤ ਦੀ ਪ੍ਰਚੂਨ ਮਹਿੰਗਾਈ ਦਰ 6% ਦੀ ਉਪਰਲੀ ਹੱਦ ਨੂੰ ਪਾਰ ਕਰਕੇ 6-7 ਫ਼ੀਸਦੀ ਦੇ ਵਿਚਕਾਰ ਜਾਂ ਇਸ ਤੋਂ ਵੀ ਉੱਪਰ ਜਾ ਸਕਦੀ ਹੈ। ਇਹ ਆਮ ਜਨਤਾ ਦੀ ਖਰੀਦ ਸ਼ਕਤੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ। ਇਸ ਜੰਗ ਦੇ ਇੱਕ ਹੋਰ ਪਹਿਲੂ ਹੈ। ਇਸ ਜੰਗ ਦੀ ਮਾਰ ਸਿਰਫ਼ ਵੱਡੇ ਕਾਰੋਬਾਰਾਂ 'ਤੇ ਨਹੀਂ, ਬਲਕਿ ਕਿਰਤੀਆਂ ਦੀ ਜ਼ਿੰਦਗੀ 'ਤੇ ਵੀ ਪਵੇਗੀ। ਤੇਲ ਦੀਆਂ ਕੀਮਤਾਂ ਵਧਣ ਨਾਲ ਟਰਾਂਸਪੋਰਟ ਮਹਿੰਗੀ ਹੋਵੇਗੀ ਜਿਸ ਦਾ ਅਸਰ ਦਿਹਾੜੀਦਾਰ ਮਜ਼ਦੂਰਾਂ ਦੀ ਰੋਜ਼ੀ-ਰੋਟੀ @ਤੇ ਪੈਣਾ ਲਾਜ਼ਮੀ ਹੈ। ਵਿਸ਼ਵ ਕਰਜ਼ਾ (ਜੋ 310 ਟ੍ਰਿਲੀਅਨ ਡਾਲਰ ਦੇ ਨੇੜੇ ਪਹੁੰਚ ਰਿਹਾ ਹੈ) ਵੀ ਇੱਕ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਹ ਸੰਕਟ ਦੇ ਸਮੇਂ ਸਰਕਾਰਾਂ ਦੀ ਆਰਥਿਕ ਮਦਦ ਦੇਣ ਦੀ ਸਮਰੱਥਾ ਨੂੰ ਘਟਾ ਸਕਦਾ ਹੈ। ਇਹ ਸਾਰੇ ਤੱਥ ਮਿਲ ਕੇ ਭਾਰਤ ਲਈ ਇੱਕ ਗੰਭੀਰ ਆਰਥਿਕ ਚੁਣੌਤੀ ਪੇਸ਼ ਕਰਦੇ ਹਨ।

**ਅਸੀਂ ਕਿੱਥੇ ਖੜ੍ਹੇ ਹਾਂ ?**: ਭਾਰਤ ਦੀ ਊਰਜਾ ਸਥਿਤੀ ਇਸ ਵੇਲੇ ਇੱਕ ਅਜਿਹੇ ਸਮੁੰਦਰੀ ਜਹਾਜ਼ ਵਾਂਗ ਹੈ ਜੋ ਤੂਫ਼ਾਨ ਦੇ ਵਿਚਕਾਰ ਫਸਿਆ ਹੋਇਆ ਹੈ। ਸਾਡੇ ਕਪਤਾਨ (ਸਰਕਾਰ) ਕੋਸ਼ਿਸ਼ ਕਰ ਰਹੇ ਹਨ ਕਿ ਜਹਾਜ਼ ਸੁਰੱਖਿਅਤ ਕਿਨਾਰੇ ਲੱਗ ਜਾਵੇ ਪਰ ਸਮੁੰਦਰ ਦੀਆਂ ਲਹਿਰਾਂ (ਵਿਸ਼ਵ ਜੰਗ ਅਤੇ ਭੂ-ਰਾਜਨੀਤਿਕ ਤਬਦੀਲੀਆਂ) ਸਾਡੇ ਪੂਰੇ ਕੰਟਰੋਲ ਵਿੱਚ ਨਹੀਂ ਹਨ। ਭਾਰਤ ਨੂੰ ਆਉਣ ਵਾਲੇ ਸਮੇਂ ਵਿੱਚ ਆਪਣੀ "Domestic Production" (ਘਰੇਲੂ ਉਪਜ) 'ਤੇ ਜ਼ੋਰ ਦੇਣਾ ਹੀ ਪਵੇਗਾ ਅਤੇ ਨਿੱਜੀ ਕੰਪਨੀਆਂ ਨੂੰ ਤੇਲ ਖੋਜਣ ਲਈ ਖੁੱਲ੍ਹਾ ਸੱਦਾ ਦੇਣਾ ਪਵੇਗਾ। ਜਨਤਾ ਲਈ ਸਲਾਹ ਇਹੀ ਹੈ ਕਿ ਉਹ ਅਫ਼ਵਾਹਾਂ ਤੋਂ ਬਚਣ ਪਰ ਇਸ ਗੱਲ ਨੂੰ ਸਵੀਕਾਰ ਕਰਨ ਕਿ ÷ਸਸਤੇ ਤੇਲ÷ ਦੇ ਦਿਨ ਹੁਣ ਲਗਭਗ ਖ਼ਤਮ ਹੋ ਚੁੱਕੇ ਹਨ। ਸਾਨੂੰ ਹੁਣ ਊਰਜਾ ਦੇ ਨਵੇਂ ਅਤੇ ਕੁਦਰਤੀ ਸਰੋਤਾਂ ਵੱਲ ਮੁੜਨਾ ਹੀ ਪਵੇਗਾ।

ਇਹ ਨਿਰਖ-ਪਰਖ ਪੂਰੀ ਤਰ੍ਹਾਂ ਨਿਰਪੱਖ ਹੈ ਅਤੇ ਇਸ ਦਾ ਮਕਸਦ ਦੇਸ਼ ਦੇ ਹਰ ਨਾਗਰਿਕ ਨੂੰ ਉਸ ਦੀ ਊਰਜਾ ਸੁਰੱਖਿਆ ਬਾਰੇ ਜਾਗਰੂਕ ਕਰਨਾ ਹੈ। ਜਦੋਂ ਤੱਕ ਅਸੀਂ ਖ਼ੁਦ ਸਵਾਲ ਨਹੀਂ ਪੁੱਛਾਂਗੇ ਸਾਨੂੰ ਸਹੀ ਜਵਾਬ ਨਹੀਂ ਮਿਲਣਗੇ।



ਭਗਵਾਨ ਸਿੰਘ ਜੌਹਲ
ਮੋ. 98143-24040

# ਜਦੋਂ ਗ਼ਦਰੀ ਬਾਬਾ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦਿੱਤੀ ਗਈ

ਦੂਜੇ ਲਾਹੌਰ ਸਾਜਿਸ਼ ਕੇਸ ਵਿੱਚ ਲਾਹੌਰ ਜੇਲ੍ਹ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲਾ ਮਹਾਨ ਸ਼ਹੀਦ ਭਾਈ ਬਲਵੰਤ ਸਿੰਘ ਕੈਨੇਡੀਅਨ (ਖੁਰਦਪੁਰ) ਅਜਿਹਾ ਸੂਰਬੀਰ ਯੋਧਾ ਸੀ, ਜਿਸ ਨੇ ਭਰ ਜਵਾਨੀ ਵਿੱਚ ਸ਼ਹਾਦਤ ਦਾ ਜਾਮ ਪੀਤਾ । ਭਾਈ ਬਲਵੰਤ ਸਿੰਘ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਉੱਘੇ ਪਿੰਡ ਖੁਰਦਪੁਰ (ਜਲੰਧਰ-ਹੁਸ਼ਿਆਰਪੁਰ ਰੋਡ 'ਤੇ ਸਥਿਤ) ਵਿਖੇ ਸ। ਬੁੱਧ ਸਿੰਘ ਦੇ ਗ੍ਰਹਿ ਵਿਖੇ 14 ਸਤੰਬਰ, 1882 ਨੂੰ ਹੋਇਆ । ਖੁਰਦਪੁਰ ਦੇ ਨਜ਼ਦੀਕੀ ਕਸਬੇ ਆਦਮਪੁਰ ਦੇ ਮਿਡਲ ਸਕੂਲ ਵਿੱਚ ਮੁੱਢਲੀ ਸਿੱਖਿਆ ਪ੍ਰਾਪਤੀ ਲਈ ਦਾਖਲਾ ਲਿਆ । ਪਰ ਉਸ ਸਮੇਂ ਸਮਾਜ ਵਿੱਚ ਬਾਲ-ਵਿਆਹ ਦੀ ਰਸਮ ਪ੍ਰਚੱਲਤ ਸੀ, ਪਰਿਵਾਰ ਵੱਲੋਂ ਇਨ੍ਹਾਂ ਦੀ ਸ਼ਾਦੀ ਬਚਪਨ ਵਿੱਚ ਹੀ ਕਰ ਦਿੱਤੀ ਗਈ । ਵਿਆਹ ਉਪਰੰਤ ਪੜ੍ਹਾਈ ਵਿੱਚ-ਵਿਚਾਲੇ ਹੀ ਛੱਡ ਦਿੱਤੀ ਗਈ । ਭਰ ਜਵਾਨੀ ਵਿੱਚ ਪੈਰ ਧਰਦਿਆਂ ਉਸ ਸਮੇਂ ਦੀ ਅੰਗ੍ਰੇਜ਼ ਹਕੂਮਤ ਦੀ ਭਾਰਤੀ ਫੌਜ ਵਿੱਚ ਭਰਤੀ ਹੋ ਗਏ । ਜਦੋਂ ਭਾਈ ਬਲਵੰਤ ਸਿੰਘ ਦੀ ਪਲਟਨ ਮਰਦਾਨ (ਪਾਕਿਸਤਾਨ) ਵਿੱਚ ਸੀ ਤਾਂ ਇਨ੍ਹਾਂ ਦੀ ਸ਼ਖ਼ਸੀਅਤ ਉੱਤੇ ਪੰਜਾਬ ਦੀ ਪ੍ਰਸਿੱਧ ਧਾਰਮਿਕ ਹਸਤੀ ਬਾਬਾ ਕਰਮ ਸਿੰਘ ਹੋਤੀ ਮਰਦਾਨ ਦੀ ਸੰਗਤ ਦਾ ਅਜਿਹਾ ਅਸਰ ਹੋਇਆ ਕਿ ਆਪ ਜੀ ਦਾ ਨਿਸ਼ਚਾ ਤੇ ਵਿਸ਼ਵਾਸ ਸਿੱਖ ਧਰਮ ਵਿੱਚ ਦ੍ਰਿੜ੍ਹ ਹੋ ਗਿਆ । ਅੰਗ੍ਰੇਜ਼ ਹਕੂਮਤ ਦੀ ਗੁਲਾਮੀ ਦਾ ਅਹਿਸਾਸ ਵੀ ਹੋ ਗਿਆ । 23 ਸਾਲ ਦੀ ਉਮਰ ਵਿੱਚ ਫੌਜ ਦੀ ਨੌਕਰੀ ਛੱਡ ਕੇ ਛੇਤੀ ਹੀ 1906 ਵਿੱਚ ਕੈਨੇਡਾ ਚਲੇ ਗਏ । ਉਥੇ ਜਾ ਕੇ ਵੈਨਕੂਵਰ ਵਿੱਚ ਪਹਿਲਾ ਗੁਰਦੁਆਰਾ ਸਾਹਿਬ ਬਨਾਉਣ ਵਿੱਚ ਭਰਪੂਰ ਯੋਗਦਾਨ ਪਾਇਆ । ਕੈਨੇਡਾ ਦੇ ਇਸ ਸ਼ਹਿਰ ਦੀ ਸਿੱਖ ਸੰਗਤ ਨੇ ਇਨ੍ਹਾਂ ਨੂੰ ਸਿੱਖ ਸਿਧਾਂਤਾਂ ਵਿੱਚ ਪ੍ਰਪੱਕ ਵੇਖਦਿਆਂ ਗੁਰੂ ਘਰ ਦਾ ਗ੍ਰੰਥੀ ਨਿਯੁਕਤ ਕਰ ਦਿੱਤਾ । ਇਸੇ ਕਰਕੇ ਭਾਈ ਸ਼ਬਦ ਆਪ ਜੀ ਦੇ ਨਾਂਅ ਨਾਲ ਪੱਕੇ ਤੌਰ 'ਤੇ ਜੁੜ ਗਿਆ ।


ਕੈਨੇਡਾ ਸਰਕਾਰ ਨੇ 1908 ਈ: ਵਿੱਚ ਫੈਸਲਾ ਕੀਤਾ ਕਿ ਬ੍ਰਿਟਿਸ਼ ਕੋਲੰਬੀਆ (ਬੀ।ਸੀ।) ਵਿੱਚ ਰਹਿਣ ਵਾਲੇ ਹਿੰਦੁਸਤਾਨੀਆਂ ਨੂੰ ਅਮਰੀਕਾ ਦੀ ਹੌਂਡਰਸ ਕਾਲੋਨੀ ਵਿੱਚ ਅਬਾਦ ਕੀਤਾ ਜਾਵੇ । ਪਰ ਭਾਈ ਬਲਵੰਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਇਸ ਸਰਕਾਰੀ ਨੀਤੀ ਦੀ ਵਿਰੋਧਤਾ ਕੀਤੀ । 1909 ਈ: ਵਿੱਚ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ । ਇਸ ਐਸੋਸੀਏਸ਼ਨ ਦੇ ਸਾਰੇ ਪ੍ਰਵਾਸੀ ਭਾਰਤੀਆਂ ਨੇ ਕੈਨੇਡਾ ਨਾ ਆਉਣ ਦੀਆਂ ਬੰਦਿਸ਼ਾਂ ਵਿਰੁੱਧ ਅਵਾਜ਼ ਉਠਾਈ । ਭਾਈ ਬਲਵੰਤ ਸਿੰਘ ਕੈਨੇਡੀਅਨ ਅਤੇ ਉਨ੍ਹਾਂ ਦੇ ਸਾਥੀ ਸਾਰੇ ਪ੍ਰਵਾਸੀ ਭਾਰਤੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣਾ ਅੰਗ੍ਰੇਜ਼ ਹਕੂਮਤ ਦਾ ਸਿਆਸੀ ਪੈਂਤੜਾ ਹੀ ਸੀ । 1911 ਈ: ਵਿੱਚ ਬਾਬਾ ਬਲਵੰਤ ਸਿੰਘ ਆਪਣੇ ਸਾਥੀ ਭਾਈ ਭਾਗ ਸਿੰਘ ਭਿੱਖੀਵਿੰਡ ਨਾਲ ਵਾਪਸ ਹਿੰਦੁਸਤਾਨ ਅਨੇਕਾਂ ਔਕੜਾਂ ਤੇ ਮੁਸੀਬਤਾਂ ਦਾ ਸਾਹਮਣਾ ਕਰ ਕੇ ਪੁੱਜੇ । ਪਰ ਇਨ੍ਹਾਂ ਮੁਸੀਬਤਾਂ ਤੇ ਕਠਿਨਾਈਆਂ ਦੇ ਬਾਵਜੂਦ 1912 ਈ: ਵਿੱਚ ਆਪਣੇ ਪਰਿਵਾਰ ਸਮੇਤ ਜਨਵਰੀ 1912 ਵਿੱਚ ਵੈਨਕੂਵਰ ਪਹੁੰਚਣ ਵਿੱਚ ਸਫ਼ਲ ਹੋ ਗਏ ।

22 ਫ਼ਰਵਰੀ, 1913 ਈ: ਖ਼ਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਡ ਇੰਡੀਆ ਲੀਗ ਦੀ ਸਾਂਝੀ ਇਕੱਤਰਤਾ ਵਿੱਚ ਇਹ ਫੈਸਲਾ ਸਰਬ ਸੰਮਤੀ ਨਾਲ ਕੀਤਾ ਗਿਆ ਕਿ ਇੰਗਲੈਂਡ ਅਤੇ ਹਿੰਦੁਸਤਾਨ ਦੋਵਾਂ ਦੇਸ਼ਾਂ ਵਿੱਚ ਜਾ ਕੇ ਬ੍ਰਿਟਿਸ਼ ਸਰਕਾਰ ਨੂੰ ਆਪਣੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਮੰਗ ਪੱਤਰ ਦਿੱਤਾ ਜਾਵੇ । ਇਸ ਕਾਰਜ ਲਈ ਭਾਈ ਬਲਵੰਤ ਸਿੰਘ, ਭਾਈ ਨੰਦ ਸਿੰਘ ਤੇ ਭਾਈ ਨਰਾਇਣ ਸਿੰਘ 'ਤੇ ਆਧਾਰਿਤ ਇਕ ਪ੍ਰਤੀਨਿੱਧ ਮੰਡਲ ਦੋਵਾਂ ਦੇਸ਼ਾਂ ਵਿੱਚ ਭੇਜਣ ਲਈ ਸਮਾਂ ਨਿਸ਼ਚਿਤ ਕੀਤਾ ਗਿਆ । ਪਰ ਦੋਵਾਂ ਦੇਸ਼ਾਂ ਵਿੱਚ ਅੰਗ੍ਰੇਜ਼ ਸਰਕਾਰ ਨੇ ਕੋਈ ਸਹਿਯੋਗ ਨਾ ਦਿੱਤਾ । ਕੈਨੇਡਾ ਪਰਤਣ ਸਮੇਂ ਭਾਈ ਬਲਵੰਤ ਸਿੰਘ ਦਾ ਮਿਲਾਪ ਮੁਸੀਬਤਾਂ ਦਾ ਟਾਕਰਾ ਕਰ ਰਹੇ ਕਾਮਾਗਾਟਾਮਾਰੂ ਜਹਾਜ਼ ਵਾਲੇ ਬਾਬਾ ਗੁਰਦਿੱਤ ਸਿੰਘ ਸਰਹਾਲੀ ਨਾਲ ਹੋਇਆ । ਭਾਈ ਬਲਵੰਤ ਸਿੰਘ ਨੇ ਕੈਨੇਡਾ ਦੇ ਪ੍ਰਵਾਸੀ ਭਾਰਤੀਆਂ ਖਾਸ ਕਰਕੇ ਸਿੱਖਾਂ ਵੱਲੋਂ ਬਾਬਾ ਗੁਰਦਿੱਤ ਸਿੰਘ ਨੂੰ ਹਰ ਸਮੇਂ ਹਰ ਹਾਲਾਤ ਵਿੱਚ ਸਹਿਯੋਗ ਦੇਣ ਦਾ ਵਾਅਦਾ ਕੀਤਾ । ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਿਰਾਂ ਨੂੰ ਕੈਨੇਡਾ ਵਿੱਚ ਦਾਖਲ ਨਾ ਹੋਣ ਦੇ ਵਿਰੋਧ ਵਿੱਚ ਸਾਰੇ ਪ੍ਰਵਾਸੀ ਭਾਰਤੀਆਂ ਵਿੱਚ ਅਤਿ ਦਾ ਗੁੱਸਾ ਸੀ । ਇਨ੍ਹਾਂ ਸਾਰੇ ਪ੍ਰਵਾਸੀਆਂ ਨੇ ਗ਼ਦਰ ਪਾਰਟੀ ਨਾਲ ਸੰਪਰਕ ਬਣਾਇਆ । ਪਰ ਅੰਗ੍ਰੇਜ਼ ਹਕੂਮਤ ਦਾ ਵਤੀਰਾ ਹੋਰ ਵੀ ਸਖ਼ਤ ਹੋ ਗਿਆ ।

ਕੈਨੇਡੀਅਨ ਹਕੂਮਤ ਦੇ ਇੰਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਹਾਪਨਿਕਸ ਨੇ 5 ਸਤੰਬਰ, 1914 ਈ: ਨੂੰ ਵੈਨਕੂਵਰ ਦੇ ਗੁਰਦੁਆਰਾ ਕੰਪਲੈਕਸ ਵਿੱਚ ਦੋ ਨੌਜਵਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ । ਇਨ੍ਹਾਂ ਸ਼ਹਾਦਤਾਂ ਦੇ ਰੋਸ ਵਜੋਂ 21 ਅਕਤੂਬਰ 1914 ਈ: ਨੂੰ ਪ੍ਰਵਾਸੀ ਭਾਰਤੀ ਭਾਈ ਸੇਵਾ ਸਿੰਘ ਨੇ ਸ਼ਹਿਰ ਦੀ ਕਚਹਿਰੀ ਵਿੱਚ ਹੀ ਵਿਲੀਅਮ ਹਾਪਨਿਕਸ ਨੂੰ ਗੋਲੀਆਂ ਨਾਲ ਉਡਾ ਦਿੱਤਾ । ਇਸ ਕਤਲ ਦੀ ਸਾਜਿਸ਼ ਵਿੱਚ ਅਤੇ ਸ਼ੱਕ 'ਤੇ ਆਧਾਰਿਤ ਭਾਈ ਬਲਵੰਤ ਸਿੰਘ ਖੁਰਦਪੁਰ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ । ਪਰ ਕੋਈ ਗਵਾਹੀ ਨਾ ਮਿਲਣ ਕਰਕੇ ਛੱਡਣਾ ਪਿਆ । ਇਸ ਤੋਂ ਪਿੱਛੋਂ ਭਾਈ ਬਲਵੰਤ ਸਿੰਘ ਨੂੰ ਕੈਨੇਡਾ ਵਿੱਚੋਂ ਕੱਢ ਦਿੱਤਾ ਗਿਆ ।

ਕੈਨੇਡਾ ਤੋਂ ਵਾਪਸੀ ਸਮੇਂ ਭਾਈ ਬਲਵੰਤ ਸਿੰਘ ਸ਼ਿੰਘਾਈ ਪੁੱਜੇ ਅਤੇ ਪੂਰੇ ਹਿੰਦੁਸਤਾਨ ਦੇ ਲੋਕਾਂ ਦੀਆਂ ਔਕੜਾਂ ਨੂੰ ਦੇਖਦਿਆਂ ਗ਼ਦਰ ਲਹਿਰ ਦੇ ਹੱਕ ਵਿੱਚ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ । ਭਾਈ ਬਲਵੰਤ ਸਿੰਘ 1915 ਈ: ਵਿੱਚ ਥਾਈਲੈਂਡ ਗਏ । ਇਥੇ ਹੀ ਅਮਰੀਕਾ ਤੋਂ ਇਥੇ ਪੁੱਜੇ, ਸਾਰੇ ਗ਼ਦਰੀ ਬਾਬਿਆਂ ਨੂੰ ਮਿਲੇ । ਇਹ ਸਾਰੇ ਗ਼ਦਰੀ ਬਾਬੇ ਬਰਮਾ ਵਿਖੇ ਅੰਗ੍ਰੇਜ਼ਾਂ ਦੇ ਵਿਰੋਧ ਵਿੱਚ ਬਗ਼ਾਵਤ ਖੜ੍ਹੀ ਕਰਨਾ ਚਾਹੁੰਦੇ ਸਨ । ਇਥੇ ਪੁੱਜ ਕੇ ਭਾਈ ਬਲਵੰਤ ਸਿੰਘ ਕੈਨੇਡੀਅਨ ਸਖ਼ਤ ਬਿਮਾਰ ਹੋ ਗਏ । ਜਦੋਂ ਹਸਪਤਾਲ ਪੁੱਜੇ ਤਾਂ ਇਥੋਂ ਇਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿੱਚ ਹੀ ਗ੍ਰਿਫ਼ਤਾਰ ਕਰ ਲਿਆ ਗਿਆ । ਬਿਮਾਰੀ ਦੌਰਾਨ ਹੀ ਹਿੰਦੁਸਤਾਨ ਭੇਜ ਦਿੱਤਾ ਗਿਆ ।

ਹਿੰਦੁਸਤਾਨ ਪਹੁੰਚ ਕੇ ਭਾਈ ਬਵਲੰਤ ਸਿੰਘ ਵਰਗੇ ਸੂਰਬੀਰ ਤੇ ਅਣਖੀ ਯੋਧੇ 'ਤੇ ਦੂਜੇ ਲਾਹੌਰ ਸਾਜਿਸ਼ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ । ਅੰਤ 30 ਮਾਰਚ, 1917 ਈ: ਵਿੱਚ ਇਸ ਅਣਖੀਲੇ ਨੌਜਵਾਨ ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਫੰਦੇ 'ਤੇ ਲਟਕਾਇਆ ਗਿਆ । ਪੰਜਾਬ ਦੀ ਜਰਖੇਜ਼ ਧਰਤੀ ਦਾ ਜੰਮਿਆ ਜਾਇਆ ਭਾਈ ਬਲਵੰਤ ਸਿੰਘ ਖੁਰਦਪੁਰ (ਕੈਨੇਡੀਅਨ) 35 ਕੁ ਸਾਲ ਦੀ ਭਰ ਜਵਾਨੀ ਵਿੱਚ ਹਿੰਦੁਸਤਾਨ ਦੇ ਗਲੋਂ ਗੁਲਾਮੀ ਦੇ ਤੌਕ ਨੂੰ ਲਾਹੁਣ ਲਈ ਸ਼ਹਾਦਤ ਦਾ ਜਾਮ ਪੀ ਗਿਆ । ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ ।



# ਵੈਣ

ਬਾਬਾ ਸੁੰਦਰ ਸਿਹੁੰ ਨੇ ਪੱਠਿਆਂ ਦੀ ਪੰਡ ਕੁਤਰਾ ਮਸ਼ੀਨ ਦੇ ਕੋਲ ਧੈਂ ਦੇਣੇ ਸੁੱਟੀ ਤੇ ਹੱਥਾਂ ਨਾਲ ਆਪਣੀ ਦੁਖਦੀ ਧੌਣ ਨੂੰ ਘੁਟਦਾ-ਘੁਟਦਾ ਵਿਹੜੇ 'ਚ ਡੱਠੀ ਵਾਣ ਦੀ ਮੰਜੀ 'ਤੇ ਧੜੱਮ ਦੇਣੇ ਬੈਠ ਗਿਆ।ਨਾਲ ਵਾਲੀ ਮੰਜੀ 'ਤੋਂ ਬੇਬੇ ਸ਼ਾਮੋਂ ਸਬਜੀ ਚੀਰਦੀ-ਚੀਰਦੀ ਉੱਠੀ।ਹਥਲਾ ਦਾਤ ਤੇ ਸਬਜ਼ੀ ਵਾਲੀ ਟੋਕਰੀ ਕੰਧੋਲੀ 'ਤੇ ਰੱਖ ਕੇ ਘੜੇ 'ਚੋਂ ਪਾਣੀ ਦਾ ਗਿਲਾਸ ਭਰ ਕੇ ਬਾਬੇ ਨੂੰ ਫੜਾਉਂਦਿਆਂ ਬੋਲੀ, ਅੱਜ ਤਾਂ ਆਥਣ ਹੀ ਹੋ ਗਿਆ! ਕਿਹੜੇ ਵੇਲੇ ਡੰਗਰਾਂ ਨੂੰ ਪੱਠੇ ਪਾਏ ਤੇ ਕਦੋਂ ਦੁੱਧ ਡੇਅਰੀ ਪਾ ਕੇ ਆਂਦਾ ? ਚੁੱਪਚਾਪ ਬਾਬੇ ਨੇ ਪਾਣੀ ਪੀ ਕੇ ਡੰਗਰਾਂ ਵੱਲ ਝਾਤ ਮਾਰੀ। ਖਾਲੀ ਖੁਰਲੀਆਂ 'ਤੇ ਬੰਨ੍ਹੇ ਭੁੱਖੇ ਭਾਣੇ ਪਸ਼ੂ ਖੌਰੂ ਪਾਈ ਜਾ ਰਹੇ ਸਨ।ਕੋਲ ਪਏ ਸਾਫ਼ੇ ਨਾਲ ਬਾਬੇ ਨੇ ਗਿੱਲੀਆਂ ਮੁੱਛਾਂ ਪੂੰਝੀਆਂ।ਚਿਹਰੇ ਤੋਂ ਪਸੀਨਾ ਸਾਫ ਕੀਤਾ ਤੇ ਆਲੇ 'ਚੋਂ ਰੇਤੀ ਚੁੱਕ ਟੋਕੇ ਤਿੱਖੇ ਕਰਨ ਲੱਗ ਪਿਆ।ਬੇਬੇ ਪੱਠਿਆਂ ਵਾਲੀ ਗੰਢ ਦਾ ਰੱਸਾ ਖੋਹਲਦਿਆਂ ਫਿਰ ਬੋਲੀ, ਅੱਜ ਤਾਂ ਚੰਦਰਾ ਸਵੇਰ ਦਾ ਹੀ ਘਰੇ ਨ੍ਹੀਂ ਵੜਿਆ, ਜਿਉਂ ਭੈੜਾ ਸਵੇਰ ਦਾ ਚਾਹ ਪੀ ਕੇ ਨਿਕਲਿਆ! ਪਤਾ ਨਹੀਂ ਕਿੱਥੇ ਧੱਕੇ ਖਾਂਦਾ ਫਿਰਦਾ ਹੋਣੈ! ਉਹ ਆਪਣੇ ਪੁੱਤਰ ਕੁਲਵੰਤ ਦਾ ਜਿਕਰ ਕਰ ਰਹੀ ਸੀ, ਪਰ ਬਾਬਾ ਸੁੰਦਰ ਸਿੰਹੁ ਅਜੇ ਵੀ ਚੁੱਪ ਸੀ।ਉਹਨੂੰ ਆਪਣੇ ਅਵਾਰਾਗਰਦ ਪੁੱਤਰ ਬਾਰੇ ਸਭ ਗਿਆਨ ਸੀ।ਪੜ੍ਹਾਈ 'ਚੋਂ ਤਾਂ ਉਹ ਫੇਲ੍ਹ ਹੀ ਸੀ ਹੁਣ ਚਾਰ-ਪੰਜ ਸਾਲਾਂ ਤੋਂ ਉੱਕਾ ਹੀ ਵਿਹਲਾ ਫਿਰਦਾ ਸੀ।ਕੋਈ ਕੰਮ ਧੰਦਾ ਨਹੀਂ ਸੀ ਕਰਦਾ।ਨਸ਼ਿਆਂ ਦਾ ਆਦੀ ਸੀ।ਰੱਬ ਜਾਣੇ ਸ਼ਰਾਬ ਵਾਸਤੇ ਪੈਸੇ ਕਿੱਥੋਂ ਪ੍ਰਾਪਤ ਕਰ ਲੈਂਦਾ ਸੀ।ਜੱਗਾ ਤੇ ਜੋਰਾ ਉਹਦੇ ਸਭ ਤੋਂ ਪਿਆਰੇ ਦੋਸਤ ਸਨ।ਇਹ ਪਿੰਡ ਦੇ ਸਭ ਤੋਂ ਘਟੀਆ ਤੇ ਕਮੀਨੇ ਆਦਮੀ ਸਨ।ਇਨ੍ਹਾਂ ਦੀ ਦੋਸਤੀ ਕੁਲਵੰਤ ਦੀ ਬਦਕਿਸਮਤੀ ਬਣ ਗਈ ਸੀ।ਬਾਬੇ ਨੇ ਸੈਕੜੇ ਵਾਰੀ ਕੁਲਵੰਤ ਨੂੰ ਸਮਝਾਇਆ ਸੀ, ਪੁੱਤਰ, ਅਕਲ ਕਰ! ਇਸ ਲੋਫ਼ਰ ਪੁਣੇ ਵਿੱਚ ਕੁਝ ਨਹੀਂ ਜੇ ਰੱਖਿਆ।ਚੰਗੇ ਕਰਮ ਕਰ।ਚੰਗੇ ਬੰਦਿਆਂ ਦੀ ਸੰਗਤ ਕਰਿਆ ਕਰ।ਜਵਾਨੀ ਮਾਣ ਸਗੋਂ ਬੇਅਰਥ ਨਾ ਗਵਾ।ਕੁਝ ਨਹੀਂ ਰੱਖਿਆ ਮਾੜੀਆ ਵਹਿਵਤਾਂ ਵਿੱਚਸ਼! ਪਰ ਕੁਲਵੰਤ ਅੱਗਿਓ ਪਿਓ ਨੂੰ ਟੁੱਟ-ਟੁੱਟ ਪੈਂਦਾ।ਬਾਬਾ ਬੇਵੱਸ ਸੀ।ਬਰਾਬਰ ਦਾ ਪੁੱਤਰ ਸੀ।ਹੱਥ ਚੁੱਕਦਿਆਂ ਵੀ ਸ਼ਰਮ ਆਉਂਦੀ ਸੀ।ਪਿਓ ਦਾ ਉਸ ਉੱਤੇ ਕੋਈ ਅਸਰ ਨਹੀਂ ਸੀ ਹੁੰਦਾ।ਬਾਬਾ ਕਰੇ ਤਾਂ ਕੀ ਕਰੇ ? ਤਾਂ ਹੀ ਬਾਬਾ ਚੁੱਪ ਸੀ।ਪਤਾ ਸੀ ਥੰਧੇ ਘੜੇ 'ਤੇ ਪਾਣੀ ਪਾਉਣ ਦਾ ਕੋਈ ਫਾਇਦਾ ਨਹੀਂ ਹੈ। ਸਮਾਂ ਆਪਣੀ ਮਸਤਾਨੀ ਤੋਰ ਰਵਾਂ-ਰਵੀਂ ਖਿਸਕ ਰਿਹਾ ਸੀ।ਬਾਬਾ ਮਸ਼ੀਨ ਗੇੜੀ ਜਾ ਰਿਹਾ ਸੀ।ਬੇਬੇ ਰੁੱਗ ਦੇ ਰਹੀ ਸੀ।ਪੁੱਤਰ ਮੌਜ-ਮਸਤੀਆਂ ਵਿੱਚ ਗਰਕਿਆ ਪਿਆ ਸੀ।

ਬਾਹਰ ਦਰਵਾਜਾ ਖੜਕਿਆ।ਬਾਬਾ ਮਸ਼ੀਨ ਰੋਕ ਕੇ ਬਾਹਰ ਨਿਕਲਿਆ।ਮੀ-ਰਾਬ ਪਾਣੀ ਦੀ ਵਾਰੀ ਦੱਸਣ ਆਇਆ ਸੀ।ਰਾਤੀਂ ਬਾਰਾਂ ਵੱਜ ਕੇ ਦਸ ਮਿੰਟ 'ਤੇ ਨਹਿਰ ਦਾ ਪਾਣੀ ਛੱਡਣਾ ਸੀ।ਦੁਨੀਆਂ ਭਰ ਦੇ ਕੰਮ ਅਜੇ ਬਾਕੀ ਪਏ ਸਨ।ਪੱਠੇ ਕੁਤਰਨੇ ਅਜੇ ਬਾਕੀ ਪਏ ਸਨ।ਪਸ਼ੂਆਂ ਨੂੰ ਗੁਤਾਵਾ ਕਰਨਾ ਸੀ।ਧਾਰਾਂ ਚੋਣੀਆਂ ਸਨ।ਦੁੱਧ ਡੇਅਰੀ ਪਾ ਕੇ ਆਉਣਾ ਸੀ। ਤੇ ਫਿਰ ਰਾਤੀਂ ਖੇਤ ਜਾ ਕੇ ਪਾਣੀ ਦੀ ਵਾਰੀ ਭੁਗਤਾਉਣੀ ਸੀ।ਬਾਬਾ ਇੱਕ ਸੀ ਪਰ ਧੰਦਿਆਂ ਕੋਈ ਅੰਤ ਨਹੀਂ ਸੀ।ਬੇਬੇ ਸ਼ਾਮ ਕੌਰ ਸੁੰਦਰ ਸਿਹੁੰ ਨਾਲ ਹੱਥ ਵਟਾਉਂਦੀ ਰਹਿੰਦੀ ਸੀ। ਪਰ ਸੀ ਉਹ ਵੀ ਰੋਗਾਂ ਦੀ ਮਾਰੀ ਅਭਾਗਣ।ਸਾਹ ਦੀ ਮਰੀਜ਼ ਸੀ।ਸ਼ੂਗਰ ਵੀ ਕਈ ਸਾਲਾਂ ਤੋਂ ਜਿੰਨ ਵਾਂਗ ਚੰਬੜਿਆ ਹੋਇਆ ਸੀ।ਰਹਿੰਦੀ ਕਸਰ ਬੁਢਾਪੇ ਨੇ ਕੱਢ ਦਿੱਤੀ ਸੀ।ਬਾਬਾ ਅਜੇ ਰੋਗਾਂ ਤੋਂ ਬਚਿਆ ਸੀ ਪਰ ਸਿਰੜੀ ਆਦਮੀ ਸੀ।ਵੇਖਣ ਨੂੰ ਹੱਡੀਆਂ ਦੀ ਮੁੱਠ ਜਾਪਦਾ ਸੀ ਪਰ ਉਹਦਾ ਹੌਸਲਾ ਬੁਲੰਦ ਜਾਪਦਾ ਸੀ।ਕੰਮ ਨਾਲ ਬਾਬੇ ਨੂੰ ਇਸ਼ਕ ਸੀ।ਤਾਂ ਹੀ ਤਾਂ ਅਜੇ ਤੱਕ ਕਈ ਡੰਗਰ ਪਾਲ਼ੀ ਬੈਠਾ ਸੀ। ਪਰ ਹੁਣ ਕੁਲਵੰਤ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਸੀ।ਬਾਪੂ ਨੂੰ ਉਹਤੋਂ ਕੋਈ ਉਮੀਦ ਜਾਪਦੀ ਨਹੀਂ ਸੀ।ਉਹਦੀ ਤਾਂ ਬੁੱਧੀ ਹੀ ਮਾਰੀ ਗਈ ਸੀ।ਬਾਬੇ ਨੂੰ ਐਸਾ ਕੋਈ ਵੈਦ ਹਕੀਮ ਦਿਖਾਈ ਨਹੀਂ ਦੇ ਰਿਹਾ ਸੀ ਜੋ ਕੁਲਵੰਤ ਦੀ ਮਲੀਨ ਹੋ ਗਈ ਬੁੱਧੀ ਨੂੰ ਸਵੱਛਤਾ ਪ੍ਰਦਾਨ ਕਰ ਸਕੇ! ਬਾਬੇ ਨੇ ਆਪਣੇ ਕੰਮ ਆਪੇ ਹੀ ਕਰਨੇ ਸਨ।ਜਦੋਂ ਤੱਕ ਜਾਨ ਹੈ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁੱਖ ਮੋੜਨਾ ਬਾਬੇ ਦੀ ਸੋਚ ਵਿੱਚ ਨਹੀਂ ਸੀ।ਉਹਨੇ ਪਸ਼ੂਆਂ ਨੂੰ ਪਾਣੀ ਪਿਲਾਇਆ।ਗੁਤਾਵਾ ਕੀਤਾ।ਧਾਰਾਂ ਚੋਈਆਂ ਤੇ ਫਿਰ ਵਕਤ ਨਾਲ ਦੁੱਧ ਡੇਅਰੀ ਵੀ ਪਾ ਆਂਦਾ। ਪਰ ਬਾਬਾ ਅਜੇ ਵਿਹਲਾ ਥੋਹੜਾ ਹੋ ਗਿਆ ਸੀ! ਅਜੇ ਤਾਂ ਖੇਤਾਂ ਨੂੰ ਪਾਣੀ ਲਾਉਣ ਜਾਣਾ ਸੀ।ਅਜੇ ਤਾਂ ਬਾਬੇ ਨੇ ਸੱਪਾਂ ਦੀਆਂ ਸਿਰੀਆਂ ਉੱਤੋਂ ਦੀ ਗੁਜ਼ਰਨਾ ਸੀ।ਰਾਤ ਭਰ ਦਾ ਉਨੀਂਦਰਾ ਕੱਟਣਾ ਸੀ।ਫਿਰ ਅਰਾਮ ਕਰਨ ਲਈ ਪਲੰਘ ਉੱਤੇ ਥੋਹੜੀ ਬੈਠ ਜਾਣਾ ਸੀ! ਸਵੇਰ ਹੋਣ ਸਾਰ ਕੰਮਾਂ ਦਾ ਉਹੋ ਸਿਲਸਿਲਾ ਫਿਰ ਚਾਲੂ ਹੋ ਜਾਣਾ ਸੀ।ਇਹ ਸਾਧੂ ਜਾਂ ਕੋਈ ਤਾਂਤਰਿਕ ਬਾਬਾ ਤਾਂ ਹੈ ਨਹੀਂ ਸੀ ਜੋ ਲੋਕਾਂ ਨੂੰ ਆਪਣੇ ਝੂਠੇ ਪਰਵਚਨਾਂ ਨਾਲ ਬੁੱਧੂ ਬਣਾ ਕੇ ਨੋਟਾਂ ਦੇ ਢੇਰ ਇਕੱਠੇ ਕਰ ਲੈਂਦਾ।ਸਗੋਂ ਇਹ ਤਾਂ ਅਸਲੀ ਪੇਂਡੂ ਬਾਬਾ ਸੀ।ਧੁਨ ਦਾ ਪੱਕਾ, ਲੋਹੇ ਦਾ ਸਤੰਭ! ਹੁਣ ਦੇ ਕੰਮੋ ਵਿਹਲਾ ਹੋ ਕੇ ਬਾਬਾ ਨਹਾ ਧੋ ਕੇ ਮੰਜੀ 'ਤੇ ਆਣ ਬੈਠਾ।ਬੇਬੇ ਸ਼ਾਮ ਕੌਰ ਚਾਹ ਬਣਾ ਲਿਆਈ।ਬਾਬਾ ਚਾਹ ਪੀਂਣ ਲੱਗ ਪਿਆ! ਆਥਣ ਹੋ ਗਈ ਸੀ।ਬਾਬਾ ਗੁਰਦੁਆਰੇ ਦੇ ਸਪੀਕਰ 'ਚੋਂ ਆ ਰਹੀ ਰਹਿਰਾਸ ਦੀ ਬਾਣੀ ਦਾ ਆਨੰਦ ਮਾਣ ਰਿਹਾ ਸੀ।ਬੇਬੇ ਸ਼ਾਮ ਕੌਰ ਫਿਰ ਆ ਧਮਕੀ।ਹਥਲੀ ਚਿੱਠੀ ਬਾਬੇ ਦੇ ਹੱਥ ਫੜਾਉਂਦਿਆਂ ਬੋਲੀ, ਦੇਖ ਤਾਂ ਕੀਹਦੀ ਆ ? ਬਾਬਾ ਚਿੱਠੀ ਫੜ ਪੜ੍ਹਨ ਲੱਗ ਪਿਆ।ਚਿੱਠੀ ਅੰਤੋ ਦੀ ਸੀ।ਅਤਰ ਕੌਰ ਬਾਬੇ ਦੀ ਛੋਟੀ ਧੀ ਸੀ।ਉਹ ਪਿਆਰ ਨਾਲ ਉਸ ਨੂੰ ਅੰਤੋ ਹੀ ਕਹਿੰਦੇ ਸਨ।ਵੱਡੀ ਸ਼ਿੰਦਰ ਕੌਰ ਸੀ।ਉਹਦਾ ਲਾਡਲਾ ਨਾਂ ਸ਼ਿੰਦੋ ਸੀ।ਬਾਬੇ ਦੀਆਂ ਦੋ ਧੀਆਂ ਤੇ ਤੀਜਾ ਨਲਾਇਕ ਪੁੱਤਰ ਕੁਲਵੰਤ ਸੀ।ਵੱਡੀ ਸ਼ਿੰਦੋ ਲੁਧਿਆਣੇ ਵਿਆਹੀ ਸੀ, ਸੁਖੀ ਵਸਦੀ ਸੀ।ਛੋਟੀ ਅੰਤੋ ਆਪਣੇ ਸਹੁਰੇ ਘਰ ਸੁਖੀ ਨਹੀਂ ਸੀ।ਉਹਦੇ ਦੁੱਖਾਂ ਦਾ ਕੋਈ ਅੰਤ ਨਹੀਂ ਸੀ।ਅੱਜ ਦੁੱਖਾਂ ਭਰੀ ਚਿੱਠੀ ਫਿਰ ਆਈ ਸੀ।ਚਿੱਠੀ ਨਹੀਂ ਸਗੋਂ ਇੱਕ ਤੁਫ਼ਾਨ ਆਇਆ ਸੀ।ਬਾਬੇ ਦੀ ਅਡੋਲਤਾ ਨੂੰ ਡੇਗਣ ਵਾਲਾ ਝੱਖੜ ਸੀ, ਪਰ ਬਾਬਾ ਡੋਲਿਆ ਨਹੀਂ, ਕੰਬਿਆ ਨਹੀਂ ਸਗੋਂ ਅਡੋਲ ਖੜ੍ਹਾ ਚਿੱਠੀ ਪੜ੍ਹੀ ਜਾ ਰਿਹਾ ਸੀ।ਚਿੱਠੀ ਕੀ ਸੀ! ਬਾਬੇ ਦੇ ਸ਼ਾਂਤ ਮਨ 'ਤੇ ਇੱਕ ਵਿਸਫੋਟ ਸੀ।ਅੰਤੋ ਉੱਤੇ ਉਹਦੇ ਘਰ ਵਾਲੇ ਹਰਨਾਮ ਸਿੰਘ ਦੇ ਦੁੱਖਾਂ ਦੀ ਕਹਾਣੀ ਸੀ।ਉਹਦੀ ਅੰਤੋ ਦੀਆਂ ਅੰਤੜੀਆਂ ਦੀ ਕੁਰਲਾਹਟ ਸੀ।ਉਹਦੇ ਮਲੂਕ ਜਿਸਮ 'ਤੇ ਹਰਨਾਮ ਦੇ ਜ਼ੁਲਮ ਦੀਆਂ ਲਾਸ਼ਾਂ ਸਨ।ਇਹ ਹਰਨਾਮ ਸਿੰਘ ਇੱਕ ਬਘਿਆੜ ਸੀ, ਜੋ ਅਜੇ ਵੀ ਦਾਜ ਲਈ ਮੂੰਹ ਅੱਡੀ ਖੜ੍ਹਾ ਸੀ।ਚਿੱਠੀ ਪੜ੍ਹ ਕੇ ਬਾਬਾ ਚੁੱਪ-ਚਾਪ ਖੜ੍ਹਾ ਸੀ।ਉਪਰੋਂ ਸ਼ਾਂਤ ਅਤੇ ਅਡੋਲ ਪ੍ਰਤੀਤ ਹੋ ਰਿਹਾ ਸੀ ਪਰ ਬਾਬੇ ਦੇ ਅੰਦਰ ਇੱਕ ਯੁੱਧ ਦਾ ਸੰਖਨਾਦ ਗੂੰਜ ਰਿਹਾ ਸੀ।ਬਾਬਾ ਭੀਸ਼ਮ ਸੀ।ਆਪਣੇ ਦਰਦ ਨੂੰ ਅੰਦਰੇ-ਅੰਦਰ ਪੀਣ ਦਾ ਯਤਨ ਕਰ ਰਿਹਾ ਸੀ।ਬੇਬੇ ਸ਼ਾਮੋਂ ਚਿੱਠੀ ਸੁਣਕੇ ਲਾਲੋ-ਲਾਲ ਹੋ ਗਈ ਸੀ।ਉਹਦਾ ਸਾਰਾ ਗੁੱਸਾ ਆਪਣੇ ਸਪੂਤ ਕੁਲਵੰਤ 'ਤੇ ਚੋਟ ਕਰ ਰਿਹਾ ਸੀ! 'ਜੇ ਕੁਲਵੰਤ ਸਾਊ ਹੁੰਦਾ ਤਾਂ ਅੰਤੋ ਦੇ ਸਹੁਰਿਆਂ ਦੀ ਹਿੰਮਤ ਕਿਵੇਂ ਪੈਂਦੀ ਦਾਜ ਲਈ ਮੂੰਹ ਅੱਡਣ ਦੀ! ਉਹ ਕੁੜੀ ਵੱਲ ਉਂਗਲੀ ਵੀ ਕਿਵੇਂ ਕਰ ਜਾਂਦੇ ? ਬੇੜਾ ਗਰਕ ਹੋਵੇ ਇਹੋ ਜਿਹੇ ਕਪੁੱਤਰ ਦਾ ! ਉਹਦੀ ਬਦਦੁਆ ਆਪਣੇ ਨਲਾਇਕ ਪੁੱਤਰ 'ਤੇ ਆਣ ਖਤਮ ਹੋ ਗਈ ਸੀ।ਫਿਰ ਬੇਬੇ ਕਿੰਨਾ ਹੀ ਚਿਰ ਤਿੜ-ਤਿੜ ਕਰਕੇ ਆਪਣਾ ਆਪ ਜਲਾਉਂਦੀ ਰਹੀ ਸੀ।ਅੰਤ ਹਲਕੀ ਹੋ ਕੇ ਸ਼ਾਂਤ ਹੋ ਗਈ।ਬਾਬੇ ਦੀ ਚੁੱਪ ਉਹਨੂੰ ਚਿੰਤਤ ਕਰ ਰਹੀ ਸੀ।ਹਨੇਰਾ ਵੀ ਪਸਰਦਾ ਆ ਰਿਹਾ ਸੀ।ਫਿਕਰਾਂ ਡੁੱਬੀ ਉਹ ਚੁੱਲ੍ਹੇ ਮੂਹਰੇ ਜਾ ਬੈਠੀ।ਦਾਲ ਬਣੀ ਪਈ ਸੀ।ਉਹਨੇ ਰੋਟੀਆਂ ਬਣਾਈਆਂ।ਫਿਕਰਾਂ ਵਿੱਚ ਡੁੱਬੇ ਬਾਬੇ ਨੇ ਦੋ ਰੋਟੀਆਂ ਅੰਦਰ ਸੁੱਟੀਆਂ।ਸਾਰੇ ਦਿਨ ਦਾ ਥੱਕਿਆ, ਦੁੱਖਾਂ ਦਾ ਝੰਬਿਆ ਬਾਬਾ ਵਿਹੜੇ 'ਚ ਪਈ ਮੰਜੀ 'ਤੇ ਹੀ ਸੌਂ ਗਿਆ।ਬੇਬੇ ਭਾਂਡੇ-ਟੀਂਡੇ ਸਾਂਭ ਬਿਨਾਂ ਰੋਟੀ ਖਾਧਿਆਂ ਹੀ ਬਾਬੇ ਦੀ ਨਾਲ ਵਾਲੀ ਮੰਜੀ 'ਤੇ ਆਣ ਬੈਠੀ।ਨੀਂਦ ਉਹਤੋਂ ਕੋਹਾਂ ਦੂਰ ਸੀ।ਧੀ ਦਾ ਦੁੱਖ ਬੇਬੇ ਲਈ ਬੇਚੈਨੀ ਬਣ ਗਿਆ ਸੀ।ਬਾਬੇ ਦੇ ਘੁਰਾੜੇ ਚੁੱਪ ਵਿੱਚ ਅਵਾਜ਼ ਪੈਦਾ ਕਰ ਰਹੇ ਸਨ।ਬੇਬੇ ਮੰਜੇ 'ਤੇ ਪਈ ਪਾਸੇ ਮਾਰ ਰਹੀ ਸੀ।ਹਨੇਰਾ ਗਹਿਰਾ ਹੋ ਗਿਆ ਸੀ ਪਰ ਕੁਲਵੰਤ ਅਜੇ ਵੀ ਨਹੀਂ ਆਇਆ ਸੀ।ਬੇਬੇ ਦੀ ਅਜੀਬ ਜਾਗੋ-ਮੀਟੀ ਵਿੱਚ ਹੀ ਸਾਢੇ ਗਿਆਰਾਂ ਵੱਜ ਗਏ।ਬੇਬੇ ਉੱਠੀ, ਚੁੱਲ੍ਹੇ 'ਚ ਅੱਗ ਬਾਲ਼ ਚਾਹ ਧਰ ਦਿੱਤੀ।ਬਾਬੇ ਨੂੰ ਹਲੂਣਿਆਂ।ਬਾਬਾ ਉੱਠ ਬੈਠਾ।ਪਾਣੀ ਦੀ ਗੜਬੀ ਚੁੱਕ ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰੇ।ਬੇਬੇ ਤੋਂ ਚਾਹ ਵਾਲਾ ਗਿਲਾਸ ਫੜ੍ਹ ਚਾਹ ਪੀਂਣ ਲੱਗ ਪਿਆ।ਫਿਰ ਟਾਈਮ-ਪੀਸ ਚੁਕਿਆ ਤੇ ਕਹੀ ਮੋਢੇ 'ਤੇ ਧਰ ਕੇ ਖੇਤ ਜਾਣ ਲਈ ਤਿਆਰ ਹੋ ਗਿਆ।ਬਾਰਾਂ ਵੱਜਣ ਹੀ ਵਾਲੇ ਸਨ।ਪਾਣੀ ਦੀ ਵਾਰੀ ਦਾ ਵਕਤ ਹੋਣ ਹੀ ਵਾਲਾ ਸੀ।ਅਚਾਨਕ ਦਰਵਾਜਾ ਖੜਕਿਆ।ਬਾਬੇ ਨੇ ਕਹੀ ਥਾਂਏ ਧਰ ਦਿੱਤੀ।ਹਥਲੀ ਘੜੀ ਮੰਜੇ 'ਤੇ ਰੱਖ ਦਰਵਾਜਾ ਖੋਹਲ ਦਿੱਤਾ।ਸਾਹਮਣੇ ਪੁਲਿਸ ਤੇ ਸੀ.ਆਰ.ਪੀ. ਦੀ ਭਰੀ ਜੀਪ ਖੜ੍ਹੀ ਸੀ।ਬਾਬੇ ਦਾ ਮੱਥਾ ਠਣਕਿਆ।ਕੁਲਵੰਤ ਦੀ ਕੋਈ ਕਰਤੂਤ ਆਫ਼ਤ ਬਣ ਆਈ ਲਗਦੀ ਸੀ ਪਰ ਬਾਬਾ ਅਜੇ ਵੀ ਚੁੱਪ ਸੀ।ਉਹਦੇ ਅੰਦਰ ਕੋਈ ਵਾਵਰੋਲਾ ਝੁੱਲਣ ਦੀ ਤਾਕ ਵਿੱਚ ਸੀ! -ਬਜੁਰਗਾ! ਸੁੰਦਰ ਸਿਹੁੰ ਤੇਰਾ ਈ ਨਾਓਂਆ ? ਠਾਣੇਦਾਰ ਦੀ ਅਵਾਜ਼ ਬਾਬੇ ਦੇ ਕੰਨਾਂ ਵਿੱਚ ਤੀਰ ਵਾਂਗ ਵੱਜੀ।ਬਾਬੇ ਨੇ 'ਹਾਂ' ਵਿੱਚ ਸਿਰ ਮਾਰ ਕੇ 'ਹਾਂ ਜੀਂ' ਕਹਿ ਦਿੱਤਾ। ਤਾਂ ਕੁਲਵੰਤ ਤੇਰਾ ਈ ਪੁੱਤਰ ਐ! ਸੁਣਕੇ ਬਾਬਾ ਬੁਰੀ ਤਰ੍ਹਾਂ ਘਬਰਾ ਗਿਆ।ਠਾਣੇਦਾਰ ਦੇ ਕੜਕਦੇ ਬੋਲ ਬੁਰੀ ਤਰ੍ਹਾਂ ਗੂੰਜੇ, ਬਾਬਾ ਅੱਜ ਰਾਤੀਂ ਤੇਰਾ ਪੁੱਤਰ ਤੇ ਦੋ ਹੋਰ ਲੜਕੇ ਬਾਈਪਾਸ 'ਤੇ ਫੜ੍ਹੇ ਗਏ।ਇਨ੍ਹਾਂ ਕੋਲੋਂ ਦੋ ਦੇਸੀ ਪਸਤੌਲ ਤੇ ਇੱਕ ਬਰਛਾ ਬਰਾਮਦ ਹੋਏ ਹਨ।ਕਈਆਂ ਦਿਨਾਂ ਤੋਂ ਰਾਹਗੀਰਾਂ ਨੂੰ ਰਾਤ ਬਰਾਤੇ ਲੁੱਟ ਰਹੇ ਸਨ।ਇਹ ਚਾਰੇ ਜਾਣੇ ਹਵਾਲਾਤ ਵਿੱਚ ਬੰਦ ਹਨ।ਕਈ ਕਤਲਾਂ ਲਈ ਵੀ ਇਹ ਜ਼ਿੰਮੇਵਾਰ ਹਨ।ਅਸੀਂ ਤੁਹਾਡੇ ਘਰ ਦੀ ਤਲਾਸ਼ੀ ਲੈਣ ਆਏ ਹਾਂ। ਜਿੰਨਾ ਵੀ ਤੇਰੇ ਪੁੱਤਰ ਦਵਾਰਾ ਲੁੱਟਿਆ ਮਾਲ ਹੈ ਸਭ ਆਪਣੇ ਆਪ ਹੀ ਸਾਡੇ ਹਵਾਲੇ ਕਰ ਦੇ ! ਤੇ ਫਿਰ ਇੱਕ ਪੁਲਿਸ ਅਤੇ ਸੀ.ਆਰ.ਪੀ. ਦੀ ਧਾੜ ਬਾਬੇ ਦੇ ਘਰ ਅੰਦਰ ਦਾਖਲ ਹੋ ਗਈ।ਬਾਬਾ ਡੌਰ ਭੌਰ ਇਹ ਅਜਬ ਤਮਾਸ਼ਾ ਦੇਖ ਰਿਹਾ ਸੀ। ਬੇਬੇ ਹੈਰਾਨ ਹੋਈ ਡੌਰ-ਭੌਰ ਝਾਕ ਰਹੀ ਸੀ।ਇੱਕ ਅਜੀਬ ਯੁੱਧ ਸੀ ਜੋ ਬਾਬਾ ਸੁੰਦਰ ਸਿਹੁੰ ਦੇ ਅੰਦਰ ਹੀ ਅੰਦਰ ਚੱਲ ਰਿਹਾ ਸੀ।ਬਾਬੇ ਦੇ ਸੁੰਨ ਸ਼ਰੀਰ ਵਿੱਚ ਇੱਕ ਕੰਪਣ ਸੰਚਾਰ ਕਰ ਰਿਹਾ ਸੀ।ਬਾਬਾ ਮਰੀਅਲ ਜਿਹੀ ਚਾਲ ਚੱਲਦਾ ਮੰਜੀ 'ਤੇ ਆਣ ਬੈਠਾ।ਬਾਬੇ ਤੋਂ ਬੈਠਿਆ ਨਾ ਗਿਆ ਤਾਂ ਉਹ ਲੇਟ ਗਿਆ।ਪੁਲਿਸ ਵਾਲੇ ਅੰਦਰ-ਬਾਹਰ ਖੌਰੂ ਪਾਈ ਜਾ ਰਹੇ ਸਨ।ਬਾਬੇ ਨੇ ਅੱਖਾਂ ਬੰਦ ਕਰ ਲਈਆਂ।ਕੁਝ ਗੈਰ-ਕਾਨੂਨੀ ਹੱਥ ਨਾ ਲੱਗਿਆ ਤਾਂ ਪੰਦਰਾਂ ਕੁ ਮਿੰਟਾਂ ਬਾਅਦ ਸਵੇਰੇ ਠਾਣੇ ਪੇਸ਼ ਹੋਣ ਲਈ ਕਹਿ ਕੇ ਪੁਲਿਸ ਵਾਲੇ ਚਲੇ ਗਏ।ਬੇਬੇ ਦਰਾਂ 'ਚ ਖੜ੍ਹੀ ਸੱਪ ਵਾਂਗ ਰੇਂਗਦੀ ਜਾਂਦੀ ਪੁਲਿਸ ਵਾਲੀ ਜੀਪ ਵੱਲ ਕਿੰਨ੍ਹਾ ਹੀ ਚਿਰ ਵੇਖਦੀ ਰਹੀ।ਗਲੀ ਦਾ ਮੋੜ ਮੁੜ ਕੇ ਜੀਪ ਅਲੋਪ ਹੋ ਗਈ।ਬੇਬੇ ਫਿਕਰਮੰਦ ਜਿਹੀ ਹੀ ਮੁੜ ਆ ਕੇ ਸੁੰਦਰ ਸਿੰਘ ਦੀ ਮੰਜੀ ਕੋਲ ਖੜ੍ਹੀ ਹੋ ਗਈ।

ਹੁਣ ਕੀ ਬਣੂੰ ? ਬੇਬੇ ਬਾਬੇ ਨੂੰ ਸੰਬੋਧਨ ਹੋਈ ਪਰ ਬਾਬਾ ਕੁਝ ਨਾ ਬੋਲਿਆ।ਬੇਬੇ ਫਿਰ ਕੋਈ ਗੱਲ ਪੁੱਛਣ ਦੇ ਰੌਂ ਵਿੱਚ ਬੋਲੀ।ਬਾਬਾ ਫਿਰ ਵੀ ਖਾਮੋਸ਼ ਸੀ।ਬੇਬੇ ਨੇ ਬਾਬੇ ਦਾ ਸਿਰ ਹਲੂਣਿਆਂ। ਬਾਬੇ ਦੀ ਧੌਣ ਇੱਕ ਪਾਸੇ ਨੂੰ ਲੁੜਕ ਗਈ।ਬੇਬੇ ਨੇ ਬਾਬੇ ਨੂੰ ਤੇਜੀ ਨਾਲ ਆ ਕੇ ਟਟੋਲਿਆ।ਸਿਰ ਹਿਲਾਇਆ।ਬਾਬੇ ਦੀਆ ਅੱਖਾਂ ਤਾੜੇ ਲੱਗੀਆਂ ਪਈਆਂ ਸਨ।ਬੇਬੇ ਦੇ ਹੱਥ ਪੈਰ ਕੰਬ ਗਏ।ਉਹਦੇ ਸੰਘੋਂ ਨਿਕਲੀ ਇੱਕ ਹਿੱਕ ਪਾੜਵੀਂ ਲੇਰ ਸਭ ਕੰਧਾਂ-ਕੌਲ਼ੇ ਟੱਪ ਗਈ।ਵਿਹੜੇ ਵਿੱਚ ਡੇਕ 'ਤੇ ਸੁੱਤੇ ਜਨੌਰ ਹਨੇਰੇ ਵਿੱਚ ਹੀ ਉਡਾਰੀਆ ਮਾਰ ਗਏ।ਆਪਣੀਆਂ ਦਹਿਲੀਜ਼ਾਂ ਦੇ ਉਹਲਿਉਂ ਵਿੜਕਾਂ ਲੈਂਦੇ ਲੋਕ ਭੱਜੇ ਆਏ।ਵਿਹੜਾ ਲੋਕਾਂ ਦੇ ਇਕੱਠ ਨਾਲ ਭਰ ਗਿਆ।ਬਾਬਾ ਸਭ ਕਾਸੇ ਤੋਂ ਬੇ-ਖਬਰ ਸੀ।ਉਹ ਚੁਪਚਾਪ, ਅਡੋਲ, ਨਿਰਭੈ ਚਾਰਪਾਈ 'ਤੇ ਲੇਟਿਆ ਪਿਆ ਸੀ।ਬੇਬੇ ਦੇ ਵੈਣ ਸੁੰਨੀ ਰਾਤ ਦੀ ਵੀਰਾਨਗੀ ਨੂੰ ਹੋਰ ਵੀ ਭਿਆਨਕ ਬਣਾ ਰਹੇ ਸਨ।

-ਓਮਕਾਰ ਸੂਦ ਬਹੋਨਾ,

# ਸਾਇਬਰ ਅਟੈਕ ਦੇ ਖਤਰੇ ਤੋਂ ਕਿਵੇਂ ਬਚੀਏ

ਆਖਿਰ ਹੈਕਰ ਸਾਡੇ ਸਮਾਰਟ ਫੋਨ ਜਾਂ ਕੰਪਿਊਟਰ ਨੂੰ ਕਿਵੇਂ ਕਰਦੇ ਹਨ ਹੈਕ, ਅੱਜ ਟੈਕਨਾਲੋਜੀ ਦੇ ਇਸ ਯੁੱਗ ਵਿੱਚ ਹਰ ਕੋਈ ਕੰਪਿਊਟਰ ਦੀ ਵਰਤੋਂ ਕਿਸੇ ਨਾ ਕਿਸੇ ਰੂਪ ਵਿੱਚ ਜਰੂਰ ਕਰ ਰਿਹਾ ਹੈ।ਸਮਾਰਟਫੋਨ ਤਾਂ ਹਰ ਇੱਕ ਦੀ ਜਿੰਦਗੀ ਦਾ ਅੰਗ ਹੀ ਬਣ ਗਿਆ ਹੈ। ਹੁਣ ਸਿਰਫ਼ ਗੱਲਬਾਤ ਹੀ ਨਹੀਂ ਬਲਕਿ ਵੀਡੀਓ ਗੱਲਬਾਤ , ਈ-ਮੇਲ ਸੁਨੇਹਾ ਭੇਜਣ, ਈ-ਬੈਕਿੰਗ ਲੈਣ-ਦੇਣ, ਸੋਸ਼ਲ ਮੀਡੀਆ 'ਤੇ ਜੁੜਨ ਆਦਿ ਕਾਰਜਾਂ ਲਈ ਕੰਪਿਊਟਰ ਦੇ ਨਾਲ ਨਾਲ ਸਮਾਰਟ ਫੋਨ ਦੀ ਵਰਤੋਂ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਕੀਤੀ ਜਾਂਦੀ ਹੈ।

ਜਿੱਥੇ ਇਨ੍ਹਾਂ ਉਪਕਰਨਾਂ ਦੀ ਵਰਤੋਂ ਵਧੀ ਹੈ ਉਥੇ ਇਨ੍ਹਾਂ ਨਾਲ ਸਬੰਧਤ ਚੋਰੀਆਂ, ਠੱਗੀਆਂ ਅਤੇ ਧੋਖਾਧੜੀਆਂ ਨੇ ਵੀ ਜਨਮ ਲਿਆ ਹੈ। ਜਿਨ੍ਹਾਂ ਨੂੰ ਸਾਇਬਰ ਅਪਰਾਧ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਆਏ ਦਿਨ ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਪੜਨ-ਸੁਣਨ ਨੂੰ ਮਿਲਦੀਆਂ ਹਨ। ਲਾਕਡਾਊਨ ਦੌਰਾਨ ਇਨ੍ਹਾਂ ਘਟਨਾਵਾਂ ਵਿੱਚ ਕਾਫੀ ਵਾਧਾ ਹੋਇਆ ਹੈ। ਭਾਰਤ ਦੇ ਚੀਨ ਨਾਲ ਛਿੜੇ ਤਤਕਾਲੀ ਤਣਾਅ ਤੋਂ ਬਾਅਦ ਚੀਨੀ ਹੈਕਰਾਂ ਵੱਲੋਂ ਭਾਰਤ ਵਿੱਚ ਸਾਇਬਰ ਅਟੈਕ ਦੀਆਂ ਖਬਰਾਂ ਆ ਰਹੀਆਂ ਹਨ। ਪਿਛਲੇ ਕੁਝ ਦਿਨਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਸਾਇਬਰ ਅਟੈਕ ਦੇ ਮਾਮਲੇ ਸੁਣਨ ਨੂੰ ਮਿਲੇ ਹਨ। ਇਨ੍ਹਾਂ ਖਬਰਾਂ ਵਿੱਚ ਕਿੰਨੀ ਸੱਚਾਈ ਹੈ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਪਰ ਫਿਰ ਵੀ ਸਾਨੂੰ ਚੌਕੰਨੇ ਜਰੂਰ ਹੋ ਜਾਣਾ ਚਾਹੀਦਾ ਹੈ। ਸਾਡੇ ਵਿੱਚੋਂ ਬਹੁਤੇ ਕੰਪਿਊਟਰ ਅਤੇ ਸਮਾਰਟ ਫੋਨ ਵਰਤੋਂਕਾਰ ਨਿਸਚਿਤ ਤੌਰ ਤੇ ਇਸ ਤੋਂ ਅਣਜਾਣ ਹੋਣਗੇ।

ਇਸ ਲਈ ਸਾਨੂੰ ਇਹ ਜਾਣਕਾਰੀ ਹੋਣਾ ਜਰੂਰੀ ਹੈ ਕਿ ਆਖਿਰ ਹੈਕਰ ਸਾਡੇ ਕੰਪਿਊਟਰ ਜਾਂ ਸਮਾਰਟ ਫੋਨ ਨੂੰ ਕਿਵੇਂ ਹੈਕ ਕਰ ਲੈਂਦੇ ਹਨ ਅਤੇ ਸਾਇਬਰ ਅਟੈਕ ਕਿਵੇਂ ਕਰਦੇ ਹਨ। ਸਾਧਾਰਨ ਭਾਸ਼ਾ ਵਿੱਚ ਜਿਵੇਂ ਮੱਛੀ ਨੂੰ ਫੜਨ ਲਈ ਜਾਲ ਜਾਂ ਕੁੰਡੀ ਤੇ ਮੱਛੀ ਦੀ ਮਨਪਸੰਦ ਚੀਜ਼ ਲਗਾਈ ਜਾਂਦੀ ਹੈ ਜਿਸ ਨਾਲ ਮੱਛੀ ਆਪਣੇ-ਆਪ ਉਸ ਜਾਲ ਵੱਲ ਖਿੱਚੀ ਆਉਂਦੀ ਹੈ ਅਤੇ ਜਾਲ ਵਿੱਚ ਫਸ ਜਾਂਦੀ ਹੈ। ਬਿਲਕੁਲ ਉਸੇ ਤਕਨੀਕ ਦੀ ਵਰਤੋਂ ਇਹਨਾਂ ਹੈਕਰਾਂ ਵੱਲੋਂ ਉਪਕਰਨਾਂ ਨੂੰ ਹੈਕ ਕਰਨ ਲਈ ਕੀਤੀ ਜਾਂਦੀ ਹੈ। ਇੱਥੇ ਹੈਕਰ ਵਰਤੋਂਕਾਰਾਂ ਦੇ ਸਾਹਮਣੇ ਚਾਰੇ ਦੇ ਰੂਪ ਵਿੱਚ ਕੁਝ ਲੁਭਾਵਣੀਆਂ ਚੀਜ਼ਾਂ ਦੀ ਨੁਮਾਇਸ਼ ਕਰਦਾ ਹੈ ਤਾਂ ਜੋ ਉਹ ਛੇਤੀ ਨਾਲ ਆਕਰਸ਼ਿਤ ਹੋ ਜਾਣ । ਜਿਵੇਂ ਉਹ ਕੁਝ ਆਕਰਸ਼ਕ ਆਫਰ ਰੱਖਦਾ ਹੈ ਜਾਂ ਉਹ ਮੈਸੇਜ ਭੇਜਦਾ ਹੈ ਜਿਸ ਵਿੱਚ ਦੱਸਿਆ ਜਾਂਦਾ ਹੈ ਕਿ ਬੈਂਕ ਤੋਂ ਤੁਹਾਨੂੰ ਇਨਾ ਕੈਸਬੈਕ ਮਿਲ ਰਿਹਾ ਹੈ ਜਾਂ ਤੁਸੀਂ ਇੰਨੇ ਲੱਖ ਰੁਪਏ ਜਾਂ ਡਾਲਰ ਜਿੱਤ ਲਏ ਹਨ। ਜਿਸ ਨੂੰ ਕਲੇਮ ਕਰਨ ਲਈ ਇਸ ਲਿੰਕ ਤੇ ਕਲਿਕ ਕਰੋ ਜਾਂ ਇਹ ਐਪ ਡਾਉਨਲੋਡ ਕਰੋ। ਮੈਸੇਜ ਜਾਂ ਈ-ਮੇਲ ਇਸ ਤਰ੍ਹਾਂ ਤਿਆਰ ਕੀਤੀ ਗਈ ਹੁੰਦੀ ਹੈ ਕਿ ਉਹ ਕਿਸੇ ਅਸਲੀ ਬੈਂਕ ਜਾਂ ਦਫ਼ਤਰ ਵਲੋਂ ਭੇਜੀ ਗਈ ਹੋਵੇ। ਕੋਈ ਵੀ ਵਿਅਕਤੀ ਉਸ ਨੂੰ ਪੜ੍ਹ ਕੇ ਫਟਾਫਟ ਉਸ ਲਿੰਕ ਨੂੰ ਖੋਲਦਾ ਹੈ ਜਾਂ ਐਪ ਡਾਉਨਲੋਡ ਕਰ ਕੇ ਹਰ ਤਰਾਂ ਦੀ ਪਰਮੀਸ਼ਨ ਅਲਾਓ ਕਰ ਦਿੰਦਾ ਹੈ, ਜਿਵੇਂ ਕਾਲ, ਮੈਸਜ, ਲੋਕੇਸ਼ਨ, ਕੈਮਰਾ, ਸਟੋਰੇਜ ਅਨੁਮਤੀ ਆਦਿ । ਕਈ ਲੋਕ ਪੇਡ ਐਪਲੀਕੇਸ਼ਨ/ ਸਾਫਟਵੇਅਰ ਨੂੰ ਮੁਫ਼ਤ ਵਿੱਚ ਇਸਤੇਮਾਲ ਕਰਨ ਲਈ ਥਰਡ ਪਾਰਟੀ ਐਪਲੀਕੇਸ਼ਨ ਜਾਂ ਕਰੈਕ ਸਾਫਟਵੇਅਰ ਡਾਊਨਲੋਡ ਕਰ ਲੈਂਦੇ ਹਨ ਜੋ ਕਿ ਭਰੋਸੇਯੋਗ ਨਹੀਂ ਹੁੰਦੇ। ਜਦੋਂ ਅਸੀਂ ਇਨ੍ਹਾਂ ਐਪਸ ਜਾਂ ਸਾਫਟਵੇਅਰਾਂ ਨੂੰ ਹਰ ਤਰ੍ਹਾਂ ਦੀਆਂ ਬਹੁਤ ਸਾਰੀਆਂ ਅਨੁਮਤੀਆਂ ਦੇ ਦਿੰਦੇ ਹਾਂ ਤਾਂ ਸਾਡਾ ਸਮਾਰਟ ਫੋਨ ਜਾਂ ਕੰਪਿਊਟਰ ਹੈਕ ਹੋ ਜਾਂਦਾ ਹੈ ਭਾਵ ਉਸ ਦਾ ਹਰ ਤਰ੍ਹਾਂ ਦਾ ਕੰਟਰੋਲ ਹੈਕਰ ਦੇ ਹੱਥ ਵਿੱਚ ਆ ਜਾਂਦਾ ਹੈ ਅਤੇ ਸਾਨੂੰ ਪਤਾ ਵੀ ਨਹੀਂ ਲੱਗਦਾ। ਇਸ ਤਰ੍ਹਾਂ ਦੀਆਂ ਐਪਸ ਨੂੰ ਸਪਾਈਵੇਅਰ ਐਪਸ ਜਾਂ ਸਪਾਈ ਸਾਫਟਵੇਅਰ ਕਿਹਾ ਜਾਂਦਾ ਹੈ ਅਤੇ ਈ-ਮੇਲ ਮੈਸਜ ਦੁਆਰਾ ਭੇਜੇ ਜਾਂਦੇ ਲਿੰਕ ਨੂੰ ਸਪੈਮ ਕਿਹਾ ਜਾਂਦਾ ਹੈ।

ਇੱਕ ਵਾਰ ਜੇਕਰ ਹੈਕਰ ਕਿਸੇ ਵੀ ਤਰੀਕੇ ਨਾਲ ਤੁਹਾਡੇ ਫੋਨ ਜਾਂ ਕੰਪਿਊਟਰ ਵਿੱਚ ਇਹ ਸਪਾਈਵੇਅਰ ਇੰਸਟਾਲ ਕਰਨ ਵਿੱਚ ਕਾਮਯਾਬ ਹੋ ਗਿਆ ਤਾਂ ਉਹ ਇੰਟਰਨੈੱਟ ਦੀ ਮਦਦ ਨਾਲ ਘਰ ਬੈਠਾ ਤੁਹਾਡੇ ਫੋਨ ਨੂੰ ਰਿਮੋਟਲੀ ਨਿਯੰਤਰਿਤ ਕਰ ਸਕਦਾ ਹੈ। ਉਹ ਤੁਹਾਡੇ ਫੋਨ ਤੋਂ ਕਾਲ ਕਰ ਸਕਦਾ ਹੈ, ਤੁਹਾਡੀ ਕਾਲ ਰਿਕਾਰਡ/ਸੁਣ ਸਕਦਾ ਹੈ, ਤੁਹਾਡੇ ਮੈਸਜ/ਈ-ਮੇਲ ਪੜ੍ਹ ਸਕਦਾ ਹੈ , ਕਿਸੇ ਨੂੰ ਵੀ ਭੇਜ ਸਕਦਾ ਹੈ , ਕੈਮਰਾ ਵਰਤ ਸਕਦਾ ਹੈ। ਕਈ ਪ੍ਰਸਥਿਤੀਆਂ ਵਿੱਚ ਤੁਹਾਨੂੰ ਇਸ ਵਰਤਾਰੇ ਦੀ ਭਿਣਕ ਵੀ ਨਹੀਂ ਲੱਗੇਗੀ।

ਹੁਣ ਇੱਥੇ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਜੇਕਰ ਹੈਕਰ ਨੇ ਤੁਹਾਡੇ ਕੰਪਿਊਟਰ ਜਾਂ ਸਮਾਰਟ ਫੋਨ ਦਾ ਕੰਟਰੋਲ ਹਾਸਲ ਕਰਨਾ ਹੈ ਤਾਂ ਉਸ ਨੂੰ ਤੁਹਾਡੇ ਉਪਕਰਨਾਂ ਵਿੱਚ ਕੋਈ ਸਪਾਈਵੇਅਰ ਸਾਫਟਵੇਅਰ ਇੰਸਟਾਲ ਕਰਨਾ ਲਾਜ਼ਮੀ ਹੈ ਇਸ ਤੋਂ ਬਿਨਾਂ ਉਸ ਵੱਲੋਂ ਅਜਿਹਾ ਕਰਨਾ ਸੰਭਵ ਨਹੀਂ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਆਖਿਰ ਅਸੀਂ ਆਪਣੇ ਸਮਾਰਟ ਫੋਨ ਜਾਂ ਕੰਪਿਊਟਰ ਨੂੰ ਹੈਕ ਹੋਣ ਤੋਂ ਕਿਵੇਂ ਬਚਾਅ ਸਕਦੇ ਹਾਂ? ਇਸਦਾ ਜਵਾਬ ਉਪਰੋਕਤ ਚਰਚਾ ਦੇ ਵਿੱਚ ਹੀ ਛੁਪਿਆ ਹੋਇਆ ਹੈ। ਬਸ ਹੈਕਰ ਆਪਣੇ ਜਾਲ ਵਿੱਚ ਫਸਾਉਣ ਲਈ ਜੋ ਜੋ ਕਦਮ ਚੁੱਕਦਾ ਹੈ ਉਨ੍ਹਾਂ ਤੋਂ ਸਾਨੂੰ ਸਾਵਧਾਨ ਰਹਿਣਾ ਹੈ ਜਿਵੇਂ ਕਿ ਕਿਸੇ ਵੀ ਤਰ੍ਹਾਂ ਦੇ ਮੋਡੀਫਾਈਡ ਜਾਂ ਥਰਡ ਪਾਰਟੀ ਐਪਲੀਕੇਸ਼ਨ ਜਾਂ ਕਰੈਕ ਸਾਫਟਵੇਅਰ ਨੂੰ ਡਾਉਨਲੋਡ ਨਹੀਂ ਕਰਨਾ ਚਾਹੀਦਾ। ਜੇਕਰ ਤੁਹਾਨੂੰ ਅਜਿਹਾ ਮੈਸਜ ਜਾਂ ਈ-ਮੇਲ ਆਵੇ ਜਿਸ ਵਿੱਚ ਕੋਈ ਲਾਲਚ ਦਿੱਤਾ ਗਿਆ ਹੋਵੇ ਕਿ ਤੁਸੀਂ ਏਨੇ ਪੈਸੇ ਜਿੱਤ ਗਏ ਹੋ ਉਸ ਨੂੰ ਕਲੇਮ ਕਰਨ ਲਈ ਲਿੰਕ ਨੂੰ ਕਲਿਕ ਕਰੋ ਜਾਂ ਬੈਂਕ ਸਬੰਧੀ ਜਾਣਕਾਰੀ ਦਿਓ ਅਜਿਹਾ ਕਰਨ ਦੀ ਗਲਤੀ ਕਦੇ ਵੀ ਨਾ ਕਰੋ।

ਇਸ ਦੇ ਨਾਲ ਹੀ ਜਦੋਂ ਅਸੀਂ ਆਪਣੇ ਸਮਾਰਟ ਫੋਨ ਵਿਚ ਕੋਈ ਐਪ ਪਲੇਅ ਸਟੋਰ ਜਾਂ ਐਪ ਸਟੋਰ ਤੋਂ ਡਾਉਨਲੋਡ ਕਰ ਕੇ ਇੰਸਟਾਲ ਕਰਦੇ ਹਾਂ ਤਾਂ ਉਹ ਕਈ ਕਿਸਮ ਦੀਆਂ ਅਨੁਮਤੀਆਂ ਦੀ ਮੰਗ ਕਰਦੀ ਹੈ ਅਸੀਂ ਬਿਨਾਂ ਪੜ੍ਹੇ ਸਾਰੀਆਂ ਅਨੁਮਤੀਆਂ ਦੀ ਆਗਿਆ ਦੇ ਦਿੰਦੇ ਹਾਂ। ਅਜਿਹਾ ਕਰਨਾ ਬਹੁਤ ਭਾਰੀ ਪੈ ਸਕਦਾ ਹੈ ਇਸ ਨਾਲ ਆਪਣੇ ਫੋਨ ਵਿਚਲੀ ਜਾਣਕਾਰੀ ਚੋਰੀ ਹੋ ਸਕਦੀ ਹੈ ਅਤੇ ਫੋਨ ਹੈਕ ਹੋ ਸਕਦਾ ਹੈ। ਹਮੇਸ਼ਾ ਚੰਗੀ ਤਰ੍ਹਾਂ ਪੜ੍ਹਕੇ ਹੀ ਪਰਮੀਸ਼ਨ ਦੇਣੀ ਚਾਹੀਦੀ ਹੈ। ਖਾਸ ਕਰ ਥਰਡ ਪਾਰਟੀ ਐਪਸ ਜਾਂ ਮੋਡੀਫਾਈਡ ਐਪਸ ਨੂੰ ਬਿਨਾਂ ਲੋੜੀਂਦੀਆਂ ਪਰਮੀਸ਼ਨਜ ਨਹੀਂ ਦੇਣੀਆਂ ਚਾਹੀਦੀਆਂ ਅਤੇ ਹਮੇਸ਼ਾ ਸਾਵਧਾਨ ਰਹਿਣਾ ਚਾਹੀਦਾ ਹੈ।

ਹੈਕਰ ਤੁਹਾਡੇ ਉਪਕਰਨਾਂ ਨੂੰ ਹੈਕ ਕਰਕੇ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਾਲ ਡਿਟੇਲ, ਮੈਸਜ, ਪਰਸਨਲ ਫੋਟੋਆਂ, ਈ-ਮੇਲ, ਬੈਂਕ ਜਾਣਕਾਰੀ, ਪਾਸਵਰਡ ਆਦਿ ਡਾਟਾ ਚੁਰਾ ਕੇ ਤੁਹਾਡਾ ਬੈਂਕ ਖਾਤਾ ਖਾਲੀ ਕਰ ਸਕਦਾ ਹੈ ਜਾਂ ਤੁਹਾਨੂੰ ਹੋਰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਵਿੱਚ ਪਾ ਸਕਦਾ ਹੈ। ਇਸ ਤਰ੍ਹਾਂ ਦੇ ਸਾਇਬਰ ਅਟੈਕ ਤੋਂ ਬਚਣ ਲਈ ਹਮੇਸ਼ਾ ਸੁਚੇਤ ਅਤੇ ਚੌਕੰਨਾ ਰਹਿਣਾ ਚਾਹੀਦਾ ਹੈ। ਜਦੋਂ ਵੀ ਕੋਈ ਐਪਲੀਕੇਸ਼ਨ ਜਾਂ ਸਾਫਟਵੇਅਰ ਡਾਊਨਲੋਡ ਕਰਨਾ ਹੋਵੇ ਤਾਂ ਭਰੋਸੇਯੋਗ ਵੈਬਸਾਈਟ ਜਾਂ ਐਪ ਸਟੋਰ ਤੋਂ ਹੀ ਡਾਉਨਲੋਡ ਕਰਨੀ ਚਾਹੀਦੀ ਹੈ , ਥਰਡ ਪਾਰਟੀ ਐਪਲੀਕੇਸ਼ਨਾ ਜਾਂ ਕਰੈਕ ਸਾਫਟਵੇਅਰਾਂ ਨੂੰ ਇੰਸਟਾਲ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਫਾਲਤੂ ਦੇ ਲਾਲਚਨੁਮਾ ਲਿੰਕਾਂ ਨੂੰ ਕਦੇ ਨਹੀਂ ਖੋਲਣਾ ਚਾਹੀਦਾ।

*ਚਾਨਣ ਦੀਪ ਸਿੰਘ ਔਲਖ,*
*ਮੋ: 9876888177*

# ਜਦੋਂ ਨਾਨਾ ਜੀ ਵਾਪਸ ਆਏ

ਮੇਰੇ ਨਾਨਾ ਜੀ ਦੇ ਬਾਪੂ ਜੀ ਹੋਰੀਂ ਚਾਰ ਭਰਾ ਸਨ ਜਿਨ੍ਹਾਂ ਵਿੱਚੋਂ ਤਿੰਨ ਵਿਆਹੇ ਸਨ ਤੇ ਇੱਕ ਛੜਾ ਤੇ ਇੱਕ ਦੇ ਕੋਈ ਔਲਾਦ ਨਹੀਂ ਸੀ। ਉਹਨਾਂ ਕੋਲ ਕਿੱਲਿਆਂ ਦੇ ਪੱਖ ਤੋਂ ਭਾਵੇਂ ਜ਼ਮੀਨ ਤਾਂ ਚੰਗੀ ਸੀ ਪਰ ਮਾਲਵੇ ਵਿੱਚ ਉਹਨਾਂ ਵੇਲਿਆਂ ਵਿੱਚ ਅਜੇ ਨਹਿਰਾਂ ਨਹੀਂ ਨਿਕਲੀਆਂ ਸਨ ਤੇ ਜ਼ਿਆਦਾਤਰ ਜ਼ਮੀਨ ਮਾਰੂ (ਬਰਾਨੀ) ਹੀ ਸੀ।ਇਸ ਲਈ ਖੇਤੀ ਉਸ ਵਕਤ ਮੀਂਹ ਤੇ ਹੀ ਨਿਰਭਰ ਸੀ ਜੇਕਰ ਮੀਂਹ ਪੈ ਜਾਂਦਾ ਸੀ ਤਾਂ ਚਾਰ ਮਣ ਦਾਣੇ ਖਾਣ ਨੂੰ ਹੋ ਜਾਂਦੇ ਸਨ ਤੇ ਜੇਕਰ ਕਿਸੇ ਸਾਲ ਮੀਂਹ ਨਾ ਪੈਂਦਾ ਤਾਂ ਫਾਕੇ ਕੱਟਣ ਲਈ ਮਜ਼ਬੂਰ ਹੋਣਾ ਪੈਂਦਾ ਸੀ। ਅੰਗਰੇਜ਼ਾਂ ਦਾ ਰਾਜ ਸੀ ਤੇ ਅੰਗਰੇਜ਼ੀ ਸਰਕਾਰ ਹੌਲੀ ਹੌਲੀ ਹਰ ਖੇਤਰ ਵਿੱਚ ਸੁਧਾਰ ਕਰ ਰਹੀ ਸੀ। ਉਹਨਾਂ ਹੀ ਵੇਲਿਆਂ ਵਿੱਚ ਅੱਜ ਦੇ ਲਹਿੰਦੇ ਪੰਜਾਬ ਪਾਕਿਸਤਾਨ ਵਿੱਚ ਅੰਗਰੇਜ਼ੀ ਸਰਕਾਰ ਬਾਰਾਂ ਆਬਾਦ ਕਰ ਰਹੀ ਸੀ ਤੇ ਜਿਸ ਤਹਿਤ ਉੱਥੇ ਇੱਕ ਜੋੜੇ ਨੂੰ ਇੱਕ ਮੁਰੱਬਾ ਜ਼ਮੀਨ ਦਾ ਇਸ ਸ਼ਰਤ ਤੇ ਦਿੱਤਾ ਜਾਂਦਾ ਸੀ ਕਿ ਉਹ ਉਸ ਜ਼ਮੀਨ ਨੂੰ ਸੰਵਾਰ ਕੇ ਵਾਹੀਯੋਗ ਕਰਕੇ ਉੱਥੇ ਆਪਣਾ ਰੈਣ ਬਸੇਰਾ ਕਰੇਗਾ। ਇਸ ਤਰ੍ਹਾਂ ਇੱਧਰੋਂ ਵਿਰਲੇ ਵਿਰਲੇ ਟੱਬਰ ਉੱਧਰ ਜਾ ਰਹੇ ਸਨ। ਮੇਰੇ ਨਾਨਾ ਜੀ ਦੇ ਬਾਪੂ ਹੁਰੀਂ ਵੀ ਉਸ ਵਕਤ ਨਵੇਂ ਸੁਪਨੇ ਲੈ ਕੇ ਨਵੀਂ ਧਰਤੀ ਤੇ ਚਲੇ ਗਏ ਸਨ।ਉੱਥੇ ਜਾ ਕੇ ਉਹਨਾਂ ਨੂੰ ਤਿੰਨ ਮੁਰੱਬੇ ਜ਼ਮੀਨ ਹੀ ਮਿਲੀ ਕਿਉਂਕਿ ਉਹਨਾਂ ਦਾ ਚੌਥਾ ਭਰਾ ਛੜਾ ਸੀ।ਇਸ ਤਰ੍ਹਾਂ ਉਹਨਾਂ ਚਾਰੇ ਭਰਾਵਾਂ ਨੇ ਸਾਲਾਂਬੱਧੀ ਸਖ਼ਤ ਮਿਹਨਤ ਕਰਕੇ ਉਸ ਜ਼ਮੀਨ ਨੂੰ ਵਾਹੀਯੋਗ ਬਣਾਇਆ ਤੇ ਆਪਣਾ ਪੱਕਾ ਵਸੇਬਾ ਪਿੰਡ ਚੱਕ ਨੰਬਰ 50 ਜ਼ਿਲ੍ਹਾ ਮਿੰਟਗੁਮਰੀ ਵਿੱਚ ਕਰ ਲਿਆ ਸੀ। ਇੱਥੇ ਇਹਨਾਂ ਚਾਰਾਂ ਭਰਾਵਾਂ ਦੇ ਏਕੇ ਇਤਫ਼ਾਕ ਤੇ ਸਖ਼ਤ ਮਿਹਨਤ ਦੀਆਂ ਗੱਲਾਂ ਘਰ ਘਰ ਹੁੰਦੀਆਂ ਸਨ।ਉਹ ਹਰ ਕਿਸੇ ਦੇ ਦੁੱਖ ਸੁੱਖ ਵਿੱਚ ਹਮੇਸ਼ਾ ਸ਼ਰੀਕ ਹੁੰਦੇ ਸਨ। ਫਿਰ ਉਸ ਤੋਂ ਬਾਅਦ ਅਗਲੀ ਪੀੜ੍ਹੀ ਚਾਰ ਭਰਾਵਾਂ ਵਿੱਚੋਂ ਦੋ ਦੀ ਹੀ ਅੱਗੇ ਵਧੀ ਸੀ ਜਿਸ ਵਿੱਚ ਮੇਰੇ ਨਾਨਾ ਜੀ ਹੁਰੀਂ ਦੋ ਭਰਾ ਅਤੇ ਉਸਦੇ ਚਾਚਾ ਜੀ ਦੇ ਪੰਜ ਮੁੰਡੇ ਸਨ।ਵਕਤ ਦੇ ਬੀਤਣ ਨਾਲ ਹੁਣ ਪੰਜਾਬ ਵਿੱਚ ਅੰਗਰੇਜ਼ਾਂ ਨੇ ਨਹਿਰਾਂ ਵੀ ਕੱਢ ਦਿੱਤੀਆਂ ਸਨ ਜਿਸ ਕਾਰਨ ਫਸਲਾਂ ਵੀ ਚੰਗੀਆਂ ਹੋਣ ਲੱਗ ਪਈਆਂ ਸਨ।ਨਾਨਾ ਜੀ ਦੱਸਦੇ ਹੁੰਦੇ ਸਨ ਕਿ ਕਣਕ ਦੀ ਫ਼ਸਲ ਅਸੀਂ ਕਈ ਕਈ ਦਿਨ ਗੱਡਿਆਂ ਤੇ ਢੋਈ ਜਾਂਦੇ ਰਹਿੰਦੇ ਸੀ। ਫ਼ਸਲ ਚੰਗੀ ਹੋਣ ਕਰਕੇ ਨਾਨਾ ਜੀ ਹੋਰਾਂ ਨੇ ਆਪਣੇ ਨਾਲ਼ ਲੱਗਦੀ ਹੋਰ ਜ਼ਮੀਨ ਵੀ ਖ਼ਰੀਦ ਲਈ ਸੀ। ਇਸ ਤਰ੍ਹਾਂ ਨਾਨਾ ਜੀ ਦਾ ਪਰਿਵਾਰ ਪਿੰਡ ਚੱਕ ਨੰਬਰ 50 ਦੇ ਤਕੜੇ ਤੇ ਮੁਹਤਬਰ ਪਰਿਵਾਰਾਂ ਵਿੱਚ ਗਿਣਿਆ ਜਾਣ ਲੱਗਾ ਸੀ।ਪਰ ਇਸ ਸਭ ਦੇ ਵਿੱਚ ਹੀ ਦੇਸ਼ ਆਜ਼ਾਦੀ ਵੱਲ ਵਧ ਰਿਹਾ ਸੀ। ਪਿੰਡਾਂ ਵਿੱਚ ਗੱਲਾਂ ਹੋਣ ਲੱਗ ਪਈਆਂ ਸਨ ਕਿ ਗੋਰੀ ਸਰਕਾਰ ਹੁਣ ਜਲਦੀ ਹੀ ਸਾਡਾ ਮੁਲਖ਼ ਛੱਡ ਕੇ ਜਾ ਰਹੀ ਹੈ ਅਤੇ ਇੱਕ ਹੋਰ ਨਵਾਂ ਦੇਸ਼ ਵੀ ਬਣ ਰਿਹਾ ਹੈ।ਨਾਨੀ ਦੱਸਦੀ ਹੁੰਦੀ ਸੀ ਕਿ ਜਦੋਂ ਇਹੋ ਜਿਹੀਆਂ ਗੱਲਾਂ ਤੇਰੇ ਨਾਨੇ ਜੀ ਦਾ ਭਰਾ ਬਾਹਰੋਂ ਸੁਣ ਕੇ ਆਉਂਦਾ ਤਾਂ ਉਹ ਘਰ ਆ ਕੇ ਲੋਕਾਂ ਤੇ ਲੀਡਰਾਂ ਨੂੰ ਉੱਚੀ ਉੱਚੀ ਗਾਲ੍ਹਾਂ ਕੱਢਣ ਲੱਗ ਜਾਂਦਾ ਸੀ।ਨਾਨੀ ਜੀ ਦੱਸਦੇ ਹੁੰਦੇ ਸਨ ਕਿ ਬਟਵਾਰੇ ਵਾਲੇ ਸਾਲ ਤਾਂ ਚੜ੍ਹਦੀ ਗਰਮੀ ਰੁੱਤੇ ਹੀ ਪਿੰਡਾਂ ਵਿੱਚ ਇਹ ਅਫਵਾਹਾਂ ਫੈਲਣ ਲੱਗ ਪਈਆਂ ਸਨ ਕਿ ਉੱਧਰਲੇ ਪਾਸੇ ਮੁਸਲਮਾਨਾਂ ਨੇ ਸਿੱਖਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਹੈ।ਇਸ ਤਰ੍ਹਾਂ ਪਿੰਡਾਂ ਵਿੱਚ ਖ਼ੌਫ਼ ਤੇ ਦਹਿਸ਼ਤ ਦਾ ਮਾਹੌਲ ਬਣਨ ਲੱਗ ਪਿਆ ਸੀ। ਫਿਰ ਜਦੋਂ ਨਾਨਾ ਜੀ ਹੁਰਾਂ ਨੂੰ ਪੱਕਾ ਯਕੀਨ ਹੋ ਗਿਆ ਕਿ ਹੁਣ ਇੱਥੋਂ ਜ਼ਮੀਨ ਜਾਇਦਾਦ,ਘਰ ਬਾਰ ਛੱਡ ਕੇ ਜਾਣਾ ਪਵੇਗਾ ਤਾਂ ਮੇਰੀ ਨਾਨੀ ਜੀ ਦੇ ਦੱਸਣ ਮੁਤਾਬਿਕ ਮੇਰੇ ਨਾਨਾ ਜੀ ਦਾ ਭਰਾ ਇਕੱਲਾ ਖੇਤ ਜਾ ਕੇ ਵੈਣ ਪਾ ਕੇ ਉੱਚੀ ਉੱਚੀ ਰੋਂਦਾ ਰਹਿੰਦਾ ਸੀ।ਉਸ ਨੂੰ ਮੇਰੇ ਨਾਨਾ ਜੀ ਮਸਾਂ ਚੁੱਪ ਕਰਾਂ ਕੇ ਘਰ ਲੈ ਕੇ ਆਉਂਦੇ ਸਨ।

ਉਸ ਸਾਲ ਕਹਿੰਦੇ ਕਮਾਦ ਦੀ ਫ਼ਸਲ ਬਾਹਲੀ ਭਰਵੀਂ ਲੱਗੀ ਸੀ ਪਰ ਉਸ ਨੂੰ ਵਿੱਚੇ ਖੜੀ ਛੱਡ ਕੇ ਇੱਧਰ ਆਉਣਾ ਪਿਆ ਸੀ।ਦੇਸ਼ ਦੀ ਵੰਡ ਹੋਈ ਤਾਂ ਮੇਰੇ ਨਾਨਾ ਜੀ ਮਸਾਂ ਪਰਿਵਾਰ ਸਮੇਤ ਇੱਧਰ ਬਚ ਕੇ ਆਏ ਸਨ।ਪਰ ਇਹਨਾਂ ਹੱਲਿਆਂ ਵਿੱਚ ਮੇਰੇ ਨਾਨੇ ਜੀ ਦਾ ਮਾਮਾ ਕਾਫ਼ਲੇ 'ਚੋਂ ਵਿਛੜੀ ਮੱਝ ਲੱਭਣ ਗਿਆ ਮੁੜਕੇ ਵਾਪਸ ਨਹੀਂ ਆਇਆ ਸੀ।ਨਾਨਾ ਜੀ ਦੱਸਦੇ ਹੁੰਦੇ ਸਨ ਕਿ ਉਸ ਨੂੰ ਕਿਸੇ ਨੇ ਬਰਛਾ ਮਾਰ ਕੇ ਮਾਰ ਦਿੱਤਾ ਸੀ। ਜਦੋਂ ਦੇਸ਼ ਦਾ ਬਟਵਾਰਾ ਹੋਇਆ ਤਾਂ ਦੋਵੇਂ ਪਾਸੇ ਦੇ ਲੋਕਾਂ ਦੀਆਂ ਜ਼ਮੀਨ ਜਾਇਦਾਦਾਂ ਦੀ ਅਲਾਟਮੈਂਟ ਦੇ ਕਲੇਮ ਕਈ ਸਾਲ ਕਚਹਿਰੀਆਂ ਵਿੱਚ ਚੱਲਦੇ ਰਹੇ ਸਨ।ਇਸ ਤਰ੍ਹਾਂ ਇੱਧਰ ਆ ਕੇ ਮੇਰਾ ਨਾਨਾ ਜੀ ਵੀ ਕਿੰਨੇ ਹੀ ਸਾਲ ਜ਼ਮੀਨ ਅਲਾਟ ਕਰਾਉਣ ਲਈ ਅਦਾਲਤਾਂ ਦੇ ਧੱਕੇ ਖਾਂਦਾ ਰਿਹਾ ਸੀ।ਕਦੇ ਜਲੰਧਰ ਕਦੇ ਲਾਹੌਰ ਤਾਰੀਖ਼ ਪੈਂਦੀ ਤਾਂ ਮੇਰਾ ਨਾਨਾ ਸਾਈਕਲ ਤੇ ਜਾਂਦਾ ਹੁੰਦਾ ਸੀ।ਉਹ ਰਸਤੇ ਵਿੱਚ ਖਾਣ ਲਈ ਨਾਲ ਭੁੱਜੇ ਛੋਲੇ ਲੈ ਜਾਂਦਾ ਸੀ।ਮੇਰੇ ਮਾਤਾ ਜੀ ਦੱਸਦੇ ਹੁੰਦੇ ਹਨ ਕਿ ਇੱਕ ਵਾਰ ਇਸ ਤਰ੍ਹਾਂ ਹੀ ਨਾਨਾ ਜੀ ਲਾਹੌਰ ਤਾਰੀਖ਼ ਤੇ ਗਿਆ ਦੋ ਮਹੀਨੇ ਵਾਪਸ ਨਾ ਆਇਆ ਤਾਂ ਮੇਰੀ ਨਾਨੀ ਜੀ ਸਮੇਤ ਸਾਰਾ ਪਰਿਵਾਰ ਡਾਅਢਾ ਪ੍ਰੇਸ਼ਾਨ ਹੋ ਗਿਆ ਸੀ। ਕੋਈ ਚਿੱਠੀ ਚੀਰਾ ਨਾ ਮਿਲਣ ਕਰਕੇ ਘਰ ਵਿੱਚ ਰੋਣ ਪਿੱਟਣ ਪੈ ਗਿਆ ਸੀ।ਆਂਢ ਗੁਆਂਢ ਤੇ ਰਿਸ਼ਤੇਦਾਰਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਕਰਨੈਲ ਸਿਉਂ ਨੂੰ ਤਾਂ ਉੱਧਰ ਕਿਸੇ ਮੁਸਲਮਾਨ ਨੇ ਮਾਰ ਦਿੱਤਾ ਹੋਵੇਗਾ।ਪਰ ਕੁਦਰਤ ਦਾ ਕ੍ਰਿਸ਼ਮਾ ਨਾਨਾ ਜੀ ਦੋ ਮਹੀਨਿਆਂ ਬਾਅਦ ਘਰ ਆ ਗਿਆ ਸੀ।ਨਾਨੇ ਜੀ ਨੂੰ ਵੇਖ ਕੇ ਸਾਰੇ ਟੱਬਰ ਦਾ ਚਾਅ ਨਹੀਂ ਚੁੱਕਿਆ ਜਾ ਰਿਹਾ ਸੀ।ਨਾਨਾ ਜੀ ਨੇ ਦੱਸਿਆ ਕਿ ਉਸ ਦਾ ਆਪਣਾ ਪਿੰਡ ਵੇਖਣ ਨੂੰ ਬਾਹਲਾ ਦਿਲ ਕਰ ਰਿਹਾ ਸੀ।ਇਸ ਲਈ ਮੈਂ ਲਾਹੌਰ ਕਚਿਹਰੀ ਵਿੱਚ ਤਾਰੀਖ਼ ਭੁਗਤ ਕੇ ਆਪਣੇ ਪੁਰਾਣੇ ਪਿੰਡ ਚੱਕ ਨੰਬਰ 50 ਚਲਾ ਗਿਆ ਸੀ। ਜਿੱਥੇ ਮੇਰੇ ਪੁਰਾਣੇ ਯਾਰਾਂ ਮਿੱਤਰਾਂ ਨੂੰ ਮਿਲ ਕੇ ਦਿਲ ਬਹੁਤ ਖੁਸ਼ ਹੋਇਆ ਤੇ ਉਹਨਾਂ ਮੇਰੀ ਖ਼ੂਬ ਸੇਵਾ ਕੀਤੀ।ਉਹ ਮੇਰੇ ਲਈ ਖਾਣ-ਪੀਣ ਲਈ ਸਭ ਕੁਝ ਅਲੱਗ ਤੋਂ ਬਣਾਉਂਦੇ ਸਨ। ਇੱਕ ਇੱਕ ਕਰਦਿਆਂ ਪਤਾ ਹੀ ਨਹੀਂ ਲੱਗਿਆ ਕਦੋਂ ਇੰਨੇ ਦਿਨ ਲੰਘ ਗਏ ਸਨ। ਮੈਨੂੰ ਤਾਂ ਹਰ ਕੋਈ ਆਪਣੇ ਘਰ ਰੱਖ ਕੇ ਡਾਅਢਾ ਖੁਸ਼ ਹੁੰਦਾ ਸੀ। ਉੱਥੇ ਆਪਣੇ ਘਰ ਵਿੱਚ ਤਾਂ ਹੁਣ ਕੋਈ ਇੱਧਰੋਂ ਗਿਆ ਮੁਸਲਮਾਨ ਪਰਿਵਾਰ ਰਹਿ ਰਿਹਾ ਹੈ।ਮੈਂ ਤਾਂ ਆਪਣੇ ਖੇਤ ਵੀ ਹਰ ਰੋਜ਼ ਗੇੜਾ ਮਾਰ ਕੇ ਆਇਆ ਕਰਦਾ ਸੀ।ਨਾਨਾ ਜੀ ਖੁਸ਼ੀ ਵਿੱਚ ਇਸ ਤਰ੍ਹਾਂ ਗੱਲਾਂ ਸੁਣਾ ਰਿਹਾ ਸੀ ਕਿ ਜਿਵੇਂ ਉਸ ਨੂੰ ਕੋਈ ਖਜ਼ਾਨਾ ਮਿਲ ਗਿਆ ਹੋਵੇ।ਨਾਨੇ ਦੇ ਵਾਪਸ ਜਿਊਂਦਾ ਆਉਣ ਨਾਲ ਜਿੱਥੇ ਘਰ ਵਿੱਚ ਖੁਸ਼ੀਆਂ ਖੇੜੇ ਪਰਤ ਆਏ ਸਨ ਉੱਥੇ ਹੀ ਨਾਨੇ ਦੀਆਂ ਗੱਲਾਂ ਸੁਣ ਸੁਣ ਕੇ ਨਾਨੀ ਤੇ ਦੂਜੇ ਘਰ ਵਾਲੇ ਅੱਥਰੂ ਕੇਰ ਰਹੇ ਸਨ।ਉਸ ਵਕਤ ਨਾਨੇ ਦਾ ਭਰਾ ਕਹਿੰਦੇ ਅੰਦਰ ਜਾ ਕੇ ਭੁੱਬਾਂ ਮਾਰ-ਮਾਰ ਕੇ ਰੋਇਆ ਸੀ।

ਮਨਜੀਤ ਮਾਨ

# ਧਰਮ, ਸਮਾਜ ਤੇ ਸੌੜੀ ਰਾਜਨੀਤੀ

ਧਰਮ, ਰਾਜਨੀਤੀ ਤੇ ਸਮਾਜ ਤਿੰਨ ਅੰਗ ਸਮੁੱਚੇ ਸਮਾਜਿਕ ਤੰਤਰ ਦਾ ਧੁਰਾ ਹਨ। ਤਿੰਨਾਂ ਵਿੱਚ ਸੰਤੁਲਨ ਇਸ ਨੂੰ ਸਥਾਈ ਆਧਾਰ ਪ੍ਰਦਾਨ ਕਰਦਾ ਹੈ। ਇਸ ਸਮਾਜਿਕ ਤੰਤਰ ਨੂੰ ਜਿਥੇ ਇਹ ਤਿੰਨ ਥੰਮ੍ਹ ਸਮਰੱਥਾ ਪ੍ਰਦਾਨ ਕਰਦੇ ਹਨ, ਉਥੇ ਇਨ੍ਹਾਂ ਵਿੱਚ ਸਵਾਰਥ, ਸੰਕੀਰਣਤਾ ਤੇ ਹਉਮੈ ਇਸ ਦਾ ਸੰਤੁਲਨ ਹੀ ਨਹੀਂ ਵਿਗਾੜਦੀ, ਸਗੋਂ ਸਮੁੱਚੇ ਢਾਂਚੇ ਨੂੰ ਹੀ ਹਿਲਾ ਕੇ ਰੱਖ ਦਿੰਦੀ ਹੈ। ਇਮਾਨਦਾਰੀ, ਪਾਰਦਰਸ਼ਤਾ ਤੇ ਸ਼ਾਲੀਨਤਾ ਇਸ ਸਮਾਜਿਕ ਤੰਤਰ ਨੂੰ ਬੱਲ ਪ੍ਰਦਾਨ ਕਰਦੀ ਹੈ। ਆਰਥਿਕ ਤੌਰ 'ਤੇ ਵਿਕਸਿਤ ਹੋਣ ਦੀ ਚੇਸ਼ਟਾ ਰੱਖਣ ਵਾਲੇ ਰਾਜਨੀਤਕ ਢਾਂਚੇ ਦਾ ਦਾਰੋਮਦਾਰ ਇਸੇ ਉਤੇ ਨਿਰਭਰ ਕਰਦਾ ਹੈ। ਇਸ ਸੰਦਰਭ ਵਿੱਚ ਸਮਾਜਿਕ ਤੰਤਰ ਨੂੰ ਮੌਜੂਦਾ ਭਾਰਤੀ ਸਥਿਤੀ ਵਿੱਚ ਰੱਖ ਕੇ ਵਿਸ਼ਲੇਸ਼ਣ ਕਰੀਏ ਤਾਂ ਨਤੀਜੇ ਨਾਕਾਰਾਤਮਕ ਰੂਪ ਅਖਤਿਆਰ ਕਰਦੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਵਸੀਲਿਆਂ ਉਪਰ ਕਾਬਜ਼ ਸ਼ਕਤੀਆਂ ਮੂਲ ਤੌਰ 'ਤੇ ਹਉਮੈ, ਨਿੱਜਤਾ ਤੇ ਰਾਜਸੀ ਸ਼ਕਤੀ ਦੀ ਗਲਤ ਵਰਤੋਂ ਕਰਨ ਦੇ ਸਮਰੱਥ ਹੋ ਰਹੀਆਂ ਹਨ ਅਤੇ ਇਸ ਸਥਿਤੀ ਵਿੱਚ ਉਹ 'ਸਟੇਟ' ਦੀ ਸ਼ਕਤੀ ਤੋਂ ਇਨਕਾਰੀ ਹੋ ਕੇ ਹਰ ਤਰ੍ਹਾਂ ਦੇ ਪ੍ਰਸ਼ਾਸਨਿਕ ਅਤੇ ਨਿਆਂ ਤੰਤਰ ਨੂੰ ਸੌੜੀ ਸੋਚ ਕਾਰਨ ਸਵਾਰਥੀ ਪ੍ਰਾਪਤੀਆਂ ਨੂੰ ਹੀ ਅੰਤਿਮ ਪ੍ਰਾਪਤੀ ਮੰਨੀ ਬੈਠੀਆਂ ਹਨ।

ਇਸ ਸੰਦਰਭ ਵਿੱਚ ਦੋ ਮਹੱਤਵ ਪੂਰਨ ਪ੍ਰਸਥਿਤੀਆਂ ਨੂੰ ਦ੍ਰਿਸ਼ਟੀ ਗੋਚਰ ਕਰਨਾ ਸਮੇਂ ਦੀ ਲੋੜ ਹੈ। ਦੁਸਹਿਰੇ ਮੌਕੇ ਆਰ ਐਸ ਐਸ ਦੇ ਮੁਖੀ ਮੋਹਨ ਭਾਗਵਤ ਨੇ ਆਪਣੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਸਪੱਸ਼ਟ ਤੇ ਹੰਕਾਰ ਭਰੇ ਲਹਿਜੇ ਨਾਲ ਕਿਹਾ ਕਿ ਗਊ ਰੱਖਿਆ ਲਈ ਵਰਕਰਾਂ ਨੂੰ ਹਰ ਪ੍ਰਕਾਰ ਦੇ ਕਾਰਜ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਬਾਰੇ ਸਰਕਾਰੀ ਕਾਨੂੰਨਾਂ ਅਤੇ ਸਥਿਤੀ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ। ਹਰ ਸਥਿਤੀ ਵਿੱਚ ਆਰ ਐਸ ਐਸ ਆਪਣੇ ਵਰਕਰਾਂ ਦੇ ਨਾਲ ਖੜੀ ਹੋਵੇਗੀ।

ਇਸੇ ਪ੍ਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਪਿਛਲੇ ਸਮੇਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਸੰਬੰਧੀ ਜਾਂਚ ਕਰਨ ਲਈ ਸਰਕਾਰ ਵੱਲੋਂ ਬਣਾਏ ਗਏ ਜੁਡੀਸ਼ਲ ਕਮਿਸ਼ਨ ਨੂੰ ਕਿਸੇ ਤਰ੍ਹਾਂ ਦਾ ਸਹਿਯੋਗ ਨਹੀਂ ਦਿੱਤਾ ਜਾਵੇਗਾ, ਸਗੋਂ ਉਨ੍ਹਾਂ ਦੀਆਂ ਹਦਾਇਤਾਂ ਨੂੰ ਹਰ ਪੱਧਰ 'ਤੇ ਮੰਨਣ ਤੋਂ ਇਨਕਾਰ ਕੀਤਾ ਜਾਵੇਗਾ। ਇਸ ਬਾਰੇ ਕਮਿਸ਼ਨ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰੀ ਰਿਕਾਰਡ ਦੀ ਮੰਗ ਕੀਤੀ ਗਈ ਹੈ ਤਾਂ ਕਿ ਇਨ੍ਹਾਂ ਘਟਨਾਵਾਂ ਪਿੱਛੇ ਲੁਕੀ ਸਾਜ਼ਿਸ਼ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ, ਪਰ ਕਿਉਂਕਿ ਸੰਸਥਾਵਾਂ 'ਤੇ ਕਾਬਜ਼ ਸਿੱਖ ਧਿਰਾਂ ਨੂੰ ਇਨ੍ਹਾਂ ਦਸਤਾਵੇਜ਼ਾਂ ਦੇ ਸਾਹਮਣੇ ਆਉਣ ਨਾਲ ਸੱਚ ਤੇ ਝੂਠ ਵਿੱਚ ਨਿਤਾਰਾ ਹੋ ਕੇ ਉਨ੍ਹਾਂ ਵੱਲ ਉਂਗਲ ਉਠਣ ਦਾ ਡਰ ਲਗਦਾ ਹੈ, ਇਸ ਲਈ ਕਾਨੂੰਨੀ ਤੌਰ 'ਤੇ ਬਣਾਏ ਗਏ ਕਮਿਸ਼ਨ ਦੀ ਹੋਂਦ ਨੂੰ ਧਰਮ ਦੀ ਆੜ ਹੇਠ ਵੰਗਾਰਨ ਦਾ ਯਤਨ ਕੀਤਾ ਜਾ ਰਿਹਾ ਹੈ ਜਦੋਂ ਕਿ ਸੱਚਾਈ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਂਦ ਹੀ ਕੇਂਦਰ ਸਰਕਾਰ ਵੱਲੋਂ ਬਣਾਏ ਕਾਨੂੰਨ ਤਹਿਤ ਕੀਤੀ ਗਈ ਹੈ। ਮੁੱਖ ਤੌਰ 'ਤੇ ਇਹ ਅਦਾਰਾ ਹੀ ਸਰਕਾਰੀ ਸਰਪ੍ਰਸਤੀ ਹੇਠ ਚੱਲਣ ਵਾਲਾ ਹੈ।

ਜਥੇਦਾਰ ਸਾਹਿਬਾਨ ਵੱਲੋਂ ਵਿਅਕਤੀਗਤ ਤੌਰ 'ਤੇ ਸਿੱਖ ਕੌਮ ਦੇ ਹਿੱਤਾਂ ਲਈ ਕਈ ਵਾਰੀ ਦੁਨਿਆਵੀ ਅਦਾਲਤਾਂ ਦਾ ਆਸਰਾ ਵੀ ਲਿਆ ਜਾਂਦਾ ਰਿਹਾ ਹੈ, ਪਰ ਸੀਮਤ ਸੋਚ ਕਾਰਨ, ਧਰਮ ਦੀ ਓਟ ਵਿੱਚ ਇਕ ਨਾਜ਼ੁਕ ਮਸਲੇ ਨੂੰ ਝੂਠ ਦੇ ਆਸਰੇ ਨਾਲ ਬਚਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਆਰ ਐਸ ਐਸ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀਆਂ ਵੱਲੋਂ ਸਟੇਟ ਨੂੰ ਵੰਗਾਰਨ ਦੀ ਸਥਿਤੀ ਸਮੁੱਚੇ ਸਮਾਜਿਕ ਤੰਤਰ ਤੇ ਰਾਜਨੀਤਕ ਤੰਤਰ ਨੂੰ ਢਾਹ ਲਾਉਣ ਵਾਲੀ ਹੈ। ਸਿਤਮ ਜ਼ਰੀਫੀ ਇਹ ਹੈ ਕਿ ਇਸ ਸੋਚ ਪਿੱਛੇ ਕਾਬਜ਼ ਰਾਜਨੀਤਕ ਸ਼ਕਤੀਆਂ ਦਾ ਅਪ੍ਰਤੱਖ ਸਮਾਰਥਨ ਪ੍ਰਾਪਤ ਹੈ, ਜੋ ਕਿ ਕੇਂਦਰ ਸਰਕਾਰ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆਉਂਦਾ ਹੈ।

# ਔਰਤਾਂ ਦੀ ਸੁਰੱਖਿਆ ਦਾ ਮਸਲਾ

ਹਰਿਆਣੇ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪਿਛਲੇ ਦਿਨਾਂ ਦੌਰਾਨ ਔਰਤਾਂ ਨਾਲ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ। ਇਸੇ ਸਾਲ ਸਤੰਬਰ ਤੋਂ ਲੈ ਕੇ ਅਕਤੂਬਰ ਦੇ ਪਹਿਲੇ ਹਫ਼ਤੇ ਤਕ ਬਲਾਤਕਾਰ ਦੀਆਂ 10 ਦੇ ਕਰੀਬ ਘਟਨਾਵਾਂ ਵਾਪਰ ਚੁੱਕੀਆਂ ਹਨ, ਜਿਹੜੀਆਂ ਸਮੂਹਿਕ ਅਤੇ ਨਾਬਾਲਗ ਬੱਚੀਆਂ ਨਾਲ ਬਲਾਤਕਾਰ ਦੀਆਂ ਹਨ। ਹਿਸਾਰ ਜ਼ਿਲ੍ਹੇ ਦੇ ਦਾਬੜਾ ਪਿੰਡ ਦੀ ਬੱਚੀ ਨਾਲ ਸਮੂਹਿਕ ਬਲਾਤਕਾਰ ਦੀ ਘਟਨਾ 9 ਸਤੰਬਰ ਨੂੰ ਵਾਪਰੀ ਪਰ ਉਸ ਨੇ ਡਰ ਅਤੇ ਸ਼ਰਮਿੰਦਗੀ ਦੇ ਮਾਰੇ ਘਰਦਿਆਂ ਨੂੰ ਨਹੀਂ ਦੱਸਿਆ। ਐਨਾ ਹੀ ਨਹੀਂ ਦੋਸ਼ੀਆਂ ਨੇ ਪਰਿਵਾਰ ਨੂੰ ਹੋਰ ਜ਼ਲੀਲ ਕਰਨ ਲਈ ਸਾਰੇ ਹਾਦਸੇ ਦੀ ਫ਼ਿਲਮ ਬਣਾ ਕੇ ਨਸ਼ਰ ਕਰ ਦਿੱਤੀ ਗਈ। ਜਦੋਂ ਧੀ ਦੇ ਪਿਤਾ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਸ ਨੇ ਵੀ ਬੇਇੱਜ਼ਤੀ ਅਤੇ ਸ਼ਰਮਿੰਦਗੀ ਨਾ ਸਹਾਰਦੇ ਹੋਏ ਆਤਮਹੱਤਿਆ ਕਰ ਲਈ। ਇਸ ਕਾਰੇ ਨੂੰ ਅੰਜਾਮ ਦੇਣ ਵਾਲੇ ਦਰਿੰਦੇ ਸਿਆਸਤ ਨਾਲ ਸਬੰਧ ਰੱਖਦੇ ਹਨ। ਦੂਜੀ ਘਟਨਾ ਸੋਨੀਪਤ ਜ਼ਿਲ੍ਹੇ ਦੇ ਗੋਹਾਨਾ ਕਸਬੇ ਦੀ ਹੈ, ਜਿੱਥੇ ਇੱਕ ਮੁਟਿਆਰ ਕੁਝ ਖ਼ਰੀਦਣ ਲਈ ਬਾਜ਼ਾਰ ਗਈ ਸੀ। ਤੀਜੀ ਘਟਨਾ ਇੱਕ 32 ਸਾਲਾਂ ਔਰਤ ਦੇ ਘਰ ਦੇ ਅੰਦਰ ਵੜ ਕੇ ਕੁਝ ਭੈੜੇ ਅਨਸਰਾਂ ਨੇ ਉਸ ਦੀ ਸੱਤ ਸਾਲ ਦੀ ਬੱਚੀ ਦੇ ਸਾਹਮਣੇ ਕੁਕਰਮ ਕੀਤਾ ਅਤੇ ਵੀਡੀਓ ਵੀ ਬਣਾਈ। ਇੱਕ 12 ਸਾਲਾਂ ਦੀ ਛੇਵੀਂ ਵਿੱਚ ਪੜ੍ਹਦੀ ਬੱਚੀ ਨੂੰ ਜਿਸ ਦੇ ਮਾਂ-ਬਾਪ ਰੋਜ਼ੀ ਰੋਟੀ ਕਮਾਉਣ ਗਏ ਹੋਏ ਸਨ, ਇੱਕ ਅਧਖੜ ਉਮਰ ਦੇ ਵਿਅਕਤੀ ਨੇ ਉਨ੍ਹਾਂ ਦੇ ਘਰ ਦੀ ਕੰਧ ਟੱਪ ਕੇ ਆਪਣੀ ਹਵਸ ਦਾ ਸ਼ਿਕਾਰ ਬਣਾ ਲਿਆ। ਇੱਥੇ ਹੀ ਬਸ ਨਹੀਂ, ਇਹ ਦਰਿੰਦੇ ਨਾ ਤਾਂ ਬੱਚੀਆਂ ਨੂੰ ਬਖ਼ਸ਼ਦੇ ਹਨ, ਨਾ ਉਨ੍ਹਾਂ ਔਰਤਾਂ ਨੂੰ ਜਿਨ੍ਹਾਂ ਦਾ ਦਿਮਾਗ ਕੰਮ ਨਹੀਂ ਕਰਦਾ। ਨਵਰਾਨੇ ਸ਼ਹਿਰ ਦੀ ਮਾਨਸਿਕ ਸੰਤੁਲਨ ਖੋ ਚੁੱਕੀ ਇੱਕ ਔਰਤ ਵੀ ਵਹਿਸ਼ੀਆਂ ਦਾ ਸ਼ਿਕਾਰ ਹੋਈ। ਔਰਤਾਂ ਦੇ ਰਹਿਣ ਲਈ ਭਾਰਤ ਦੁਨੀਆਂ ਦਾ ਦਰਜੇ ਪੱਖੋਂ ਚੌਥਾ ਅਸੁਰੱਖਿਅਤ ਦੇਸ਼ ਹੈ ਅਤੇ ਬਲਾਤਕਾਰਾਂ ਦੇ ਮਾਮਲੇ ਵਿੱਚ ਇਸ ਦਾ ਦੁਨੀਆਂ ਵਿੱਚ ਤੀਜਾ ਸਥਾਨ ਹੈ। ਇੱਕ ਤਾਜ਼ਾ ਰਿਪੋਰਟ ਅਨੁਸਾਰ ਭਾਰਤ ਵਿਚ ਹਰ ਰੋਜ਼ 19 ਬੱਚੀਆਂ ਬਲਾਤਕਾਰ ਵਰਗੇ ਘਿਣਾਉਣੇ ਜੁਰਮ ਦਾ ਸ਼ਿਕਾਰ ਹੋ ਰਹੀਆਂ ਹਨ। ਕੌਮੀ ਜੁਰਮ ਰਿਕਾਰਡ ਬਿਊਰੋ ਮੁਤਾਬਕ ਸਾਲ 2007 ਤੋਂ ਲੈ ਕੇ 2011 ਤਕ ਬੱਚੀਆਂ ਪ੍ਰਤੀ ਇਸ ਜੁਰਮ ਦੇ ਕੇਸਾਂ ਵਿੱਚ 40 ਫ਼ੀਸਦੀ ਵਾਧਾ ਹੋਇਆ ਹੈ ਅਤੇ 1971 ਦੌਰਾਨ ਜਿੱਥੇ ਬਲਾਤਕਾਰ ਦੇ ਸਿਰਫ਼ 2487 ਕੇਸ ਦਰਜ ਹੋਏ ਸਨ, ਸਾਲ 2011 ਵਿੱਚ ਇਹ ਵਧ ਕੇ 24,206 ਹੋ ਗਏ ਤੇ ਇਨ੍ਹਾਂ 40 ਸਾਲਾਂ ਵਿੱਚ ਇਹ ਵਾਧਾ 873 ਫ਼ੀਸਦੀ ਹੋ ਗਿਆ ਹੈ। ਅਜਿਹੇ ਮਾਮਲਿਆਂ ਦੀ ਅਸਲ ਗਿਣਤੀ ਦਰਜ ਹੋਏ ਕੇਸਾਂ ਨਾਲੋਂ ਕਿਤੇ ਜ਼ਿਆਦਾ ਹੈ, ਕਿਉਂਕਿ 69 ਫੀਸਦੀ ਲੋਕ ਥਾਣਿਆਂ ਅਤੇ ਕਚਹਿਰੀਆਂ ਦੀ ਖ਼ੱਜਲ-ਖ਼ੁਆਰੀ ਅਤੇ ਸਮਾਜ ਵਿੱਚ ਬੇਇੱਜ਼ਤੀ ਤੇ ਸ਼ਰਮਿੰਦਗੀ ਦੇ ਡਰ ਕਾਰਨ ਕੇਸ ਦਰਜ ਹੀ ਨਹੀਂ ਕਰਾਉਂਦੇ ਹਨ। ਇਨ੍ਹਾਂ ਮਾਮਲਿਆਂ ਦੇ ਤੇਜ਼ੀ ਨਾਲ ਵਧਣ ਪਿੱਛੇ ਕਈ ਕਾਰਨ ਹਨ। ਪਹਿਲਾ, ਇਹ ਮਾਮਲੇ ਅਦਾਲਤਾਂ ਵਿੱਚ ਸਾਲਾਂ-ਬੱਧੀ ਲਟਕਦੇ ਰਹਿੰਦੇ ਹਨ ਅਤੇ ਜੇ ਕਦੇ ਫ਼ੈਸਲਾ ਹੋ ਜਾਵੇ ਤਾਂ ਸਜ਼ਾ ਨਾਂ-ਮਾਤਰ ਹੁੰਦੀ ਹੈ। ਸੰਨ 1973 ਦੌਰਾਨ ਇਨ੍ਹਾਂ ਕੇਸਾਂ ਵਿੱਚ ਸਜ਼ਾ ਦੀ ਦਰ 44.28 ਫ਼ੀਸਦੀ ਸੀ ਜਿਹੜੀ ਸੰਨ 2010 ਦੌਰਾਨ ਘਟ ਕੇ ਸਿਰਫ਼ 26.56 ਫ਼ੀਸਦੀ ਰਹਿ ਗਈ ਹੈ। ਦੂਜਾ, ਹਰਿਆਣੇ ਵਿੱਚ ਜਿੱਥੇ ਕੁੜੀਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ, ਉਥੇ ਮੁੰਡਿਆਂ ਦੀ ਗਿਣਤੀ ਵਧ ਰਹੀ ਹੈ। ਇਹ ਵਧਦਾ ਪਾੜਾ ਵੀ ਕੁੜੀਆਂ ਨੂੰ ਅਸੁਰੱਖਿਅਤ ਬਣਾ ਰਿਹਾ ਹੈ। ਤੀਜਾ, ਮੁੰਡਿਆਂ ਦੇ ਮਾਂ-ਬਾਪ ਉਨ੍ਹਾਂ ਦੀਆਂ ਬੁਰੀਆਂ ਆਦਤਾਂ ਵੱਲ ਜਾਂ ਤਾਂ ਧਿਆਨ ਨਹੀਂ ਦਿੰਦੇ ਜਾਂ ਦੇਖ ਕੇ ਅਣਦੇਖਿਆ ਕਰ ਦਿੰਦੇ ਹਨ। ਅੱਜ-ਕੱਲ੍ਹ ਮੁੰਡੇ ਨਸ਼ਿਆਂ ਦੀ ਦਲਦਲ ਵਿੱਚ ਡੁੱਬ ਕੇ ਇਹੋ ਜਿਹੇ ਜੁਰਮ ਕਰਦੇ ਹਨ। ਚੌਥਾ, ਮੁਲਕ ਦੀ ਸਰਕਾਰ ਨੌਜਵਾਨਾਂ ਨੂੰ ਬਣਦਾ ਰੁਜ਼ਗਾਰ ਨਹੀਂ ਦੇ ਰਹੀ ਹੈ, ਸਿੱਟੇ ਵਜੋਂ 'ਵਿਹਲਾ ਮਨ, ਸ਼ੈਤਾਨ ਦਾ ਘਰ' ਦੇ ਕਥਨ ਅਨੁਸਾਰ ਬੇਰੁਜ਼ਗਾਰ ਨੌਜਵਾਨ ਕੁਰਾਹੇ ਪੈ ਰਹੇ ਹਨ। ਸਭ ਤੋਂ ਵੱਡੀ ਗੱਲ ਤਾਂ ਸਰਕਾਰ ਅਤੇ ਪ੍ਰਸ਼ਾਸਨ ਦੀ ਢਿੱਲੀ ਕਾਰਗੁਜ਼ਾਰੀ ਹੈ ਜਿਸ ਕਰਕੇ ਲੋਕਾਂ ਦੇ ਮਨਾਂ ਵਿੱਚ ਕੋਈ ਡਰ ਨਹੀਂ ਹੈ ਅਤੇ ਉਹ ਸ਼ਰ੍ਹੇਆਮ ਦਿਨ-ਦਿਹਾੜੇ ਜਨਤਕ ਥਾਂਵਾਂ ਤੋਂ ਕੁੜੀਆਂ ਅਤੇ ਔਰਤਾਂ ਨੂੰ ਚੁੱਕ ਜਾਂ ਉਨ੍ਹਾਂ ਦੇ ਘਰਾਂ ਅੰਦਰ ਵੜ ਕੇ ਇਸ ਤਰ੍ਹਾਂ ਦੇ ਘਿਣਾਉਣੇ ਅਪਰਾਧ ਕਰ ਰਹੇ ਹਨ। ਹਰਿਆਣੇ ਵਿੱਚ ਬਲਾਤਕਾਰ ਦੇ ਪਹਿਲੇ ਕੇਸ ਨਾਲ ਜੁੜੇ ਦੋਸ਼ੀਆਂ ਵਿੱਚੋਂ ਪਹਿਲੀ ਗ੍ਰਿਫ਼ਤਾਰੀ 22 ਸਤੰਬਰ ਨੂੰ ਉਦੋਂ ਹੋਈ ਜਦੋਂ ਦੋਸ਼ੀਆਂ ਨੇ ਘਟਨਾ ਦੇ ਵੀਡੀਓ ਜਾਰੀ ਕਰ ਦਿੱਤੇ ਅਤੇ ਕੋਈ ਕਾਰਵਾਈ ਨਾ ਹੋਣ ਕਾਰਨ ਕੁੜੀ ਦੇ ਪਿਤਾ ਨੇ ਆਤਮ-ਹੱਤਿਆ ਕਰ ਲਈ, ਜਿਸ ਕਰਕੇ ਔਰਤਾਂ ਦੀਆਂ ਕਈ ਜਥੇਬੰਦੀਆਂ ਅਤੇ ਹੋਰ ਗੈਰ-ਸਰਕਾਰੀ ਸੰਸਥਾਵਾਂ ਨੇ ਇਸ ਵਿਰੁੱਧ ਆਵਾਜ਼ ਉਠਾਈ। ਉਸ ਤੋਂ ਬਾਅਦ ਸਰਕਾਰ ਤੇ ਪ੍ਰਸ਼ਾਸਨ ਹਰਕਤ ਵਿੱਚ ਆਇਆ। ਇਹ ਘਿਣਾਉਣਾ ਅਪਰਾਧ ਕਤਲ ਤੋਂ ਵੀ ਬੁਰਾ ਹੈ। ਕਤਲ ਕਰਨ ਨਾਲ ਵਿਅਕਤੀ ਇੱਕੋ ਵਾਰ ਮਰ ਜਾਂਦਾ ਹੈ ਪਰ ਇਸ ਦੀ ਸ਼ਿਕਾਰ ਬੱਚੀ ਜਾਂ ਔਰਤ ਇੱਕ ਦਿਨ ਵਿੱਚ ਕਈ ਵਾਰ ਅਤੇ ਸਾਰੀ ਜ਼ਿੰਦਗੀ ਵਿੱਚ ਲੱਖਾਂ ਵਾਰ ਮਰਦੀ ਹੈ। ਇਸ ਤੋਂ ਵੀ ਵੱਧ ਦੁੱਖ ਦੀ ਗੱਲ ਹੈ ਕਿ ਇਕੱਲੀ ਪੀੜਤ ਔਰਤ ਜਾਂ ਕੁੜੀ ਹੀ ਨਹੀਂ ਬਲਕਿ ਉਸ ਦਾ ਸਾਰਾ ਪਰਿਵਾਰ ਇਸ ਦਾ ਸੰਤਾਪ ਬਿਨ੍ਹਾਂ ਕਿਸੇ ਕਸੂਰ ਤੋਂ ਸਾਰੀ ਉਮਰ ਭੋਗਦਾ ਹੈ। ਇਨ੍ਹਾਂ ਮਾਮਲਿਆਂ ਵਿੱਚੋਂ ਔਰਤ ਦੀ ਬੱਚੀ ਜਿਸ ਨੇ ਆਪਣੀਆਂ ਅੱਖਾਂ ਸਾਹਮਣੇ ਆਪਣੀ ਮਾਂ ਨਾਲ ਇਹ ਕੁਕਰਮ ਹੁੰਦਾ ਦੇਖਿਆ ਸੀ ਕੀ ਉਹ ਕਦੇ ਆਮ ਜ਼ਿੰਦਗੀ ਜੀ ਸਕੇਗੀ? ਕੀ ਉਸ ਦਾ ਠੀਕ ਮਾਨਸਿਕ ਅਤੇ ਸਰੀਰਕ ਵਿਕਾਸ ਹੋ ਸਕੇਗਾ? ਹੁਣ ਸਵਾਲ ਉਠਦਾ ਹੈ ਕਿ ਜੇ ਪਰਿਵਾਰ ਦੇ ਬਾਕੀ ਮੈਂਬਰ ਇਸ ਤਰ੍ਹਾਂ ਦੇ ਹਾਦਸੇ ਤੋਂ ਬਾਅਦ ਇੰਨਾ ਜ਼ਿਆਦਾ ਦਹਿਲ ਜਾਂਦੇ ਹਨ ਤਾਂ ਪੀੜਤ ਔਰਤ 'ਤੇ ਕੀ ਬੀਤਦੀ ਹੋਵੇਗੀ? ਉਹ ਤਾਂ ਸਰੀਰਕ ਅਤੇ ਮਾਨਸਿਕ ਤਕਲੀਫ਼ ਦੇ ਨਾਲ-ਨਾਲ ਸਮਾਜਿਕ ਤਕਲੀਫ਼ ਵੀ ਝੱਲਦੀ ਹੈ ਕਿਉਂਕਿ ਸਾਡਾ ਸਮਾਜ ਪੀੜਤ ਨੂੰ ਹੀ ਕਲੰਕਿਤ ਅਤੇ ਗੁਨਾਹਗਾਰ ਸਮਝਦਾ ਹੈ। ਉਸ ਨੂੰ ਖੁੱਲ੍ਹੇ ਮਨ ਨਾਲ ਅਪਣਾਉਣਾ ਤਾਂ ਦੂਰ, ਸਗੋਂ ਉਸ ਨੂੰ ਜ਼ਲੀਲ ਕਰਦਾ ਹੈ। ਇਸ ਤੋਂ ਤੰਗ ਆ ਕੇ ਕਈ ਔਰਤਾਂ ਤਾਂ ਆਪਣਾ ਮਾਨਸਿਕ ਸੰਤੁਲਨ ਖੋ ਬੈਠਦੀਆਂ ਹਨ ਅਤੇ ਕਈ ਆਤਮ-ਹੱਤਿਆ ਕਰ ਕੇ ਮੌਤ ਦੇ ਮੂੰਹ ਜਾ ਪੈਂਦੀਆਂ ਹਨ। ਸਵਾਲ ਉਠਦਾ ਹੈ ਕਿ ਸਾਡੇ ਦੇਸ਼ 'ਚ ਔਰਤ ਸੁਰੱਖਿਅਤ ਕਿੱਥੇ ਹੈ ਕਿਉਂਕਿ ਅਪਰਾਧੀਆਂ ਦੇ ਹੌਸਲੇ ਤਾਂ ਇੰਨੇ ਵਧ ਗਏ ਹਨ ਉਹ ਦਿਨ-ਦਿਹਾੜੇ ਘਰਾਂ ਵਿੱਚ ਵੜ ਕੇ ਇਹ ਜੁਰਮ ਕਰ ਰਹੇ ਹਨ। ਹੁਣ ਸਾਡੇ ਸਮਾਜ, ਸਰਕਾਰ ਅਤੇ ਪ੍ਰਸ਼ਾਸਨ ਨੂੰ ਜਾਗਣ ਦੀ ਲੋੜ ਹੈ ਤਾਂ ਕਿ ਹਾਲਾਤ ਨੂੰ ਬਦ ਤੋਂ ਬਦਤਰ ਹੋਣ ਤੋਂ ਬਚਾਇਆ ਜਾ ਸਕੇ। ਇਨ੍ਹਾਂ ਘਟਨਾਵਾਂ ਦੇ ਵਾਪਰਨ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਪੀੜਤ ਬੱਚੀ ਜਾਂ ਔਰਤ ਨੂੰ ਕਸੂਰਵਾਰ ਨਹੀਂ ਠਹਿਰਾਇਆ ਗਿਆ, ਨਹੀਂ ਤਾਂ ਜ਼ਿਆਦਾਤਰ ਮਾਮਲਿਆਂ ਵਿੱਚ ਕੁੜੀ ਦੇ ਕੱਪੜੇ ਠੀਕ ਨਹੀਂ ਸਨ, ਉਹ ਰਾਤ ਨੂੰ ਬਾਹਰ ਕੀ ਕਰਨ ਗਈ ਸੀ ਜਾਂ ਕੁੜੀਆਂ ਨੂੰ ਕੰਮ ਨਹੀਂ ਕਰਨਾ ਚਾਹੀਦਾ ਆਦਿ ਤਰ੍ਹਾਂ-ਤਰ੍ਹਾਂ ਦੇ ਬਹਾਨੇ ਬਣਾ ਕੇ ਪੀੜਤ ਔਰਤ ਜਾਂ ਬੱਚੀ ਨੂੰ ਹੀ ਕਸੂਰਵਾਰ ਠਹਿਰਾ ਦਿੱਤਾ ਜਾਂਦਾ ਹੈ। ਹਰਿਆਣੇ ਦੇ ਇੱਕ ਪੁਲੀਸ ਅਧਿਕਾਰੀ ਨੇ ਤਾਂ ਕੁੜੀਆਂ ਦਾ ਪੱਖ ਲੈਂਦੇ ਹੋਏ ਇੱਥੋਂ ਤਕ ਕਿਹਾ ਹੈ ਕਿ ਮਾਪਿਆਂ ਨੂੰ ਆਪਣੇ ਪੁੱਤਾਂ 'ਤੇ ਨਿਗਾਹ ਰੱਖਣੀ ਚਾਹੀਦੀ ਹੈ ਕਿਉਂਕਿ ਪੁੱਤਾਂ ਦੇ ਮਾਂ-ਬਾਪ ਦੀ ਆਮ ਧਾਰਨਾ ਹੁੰਦੀ ਹੈ ਕਿ ਕੋਈ ਗੱਲ ਨਹੀਂ ਜੇ ਮੁੰਡਾ ਦੇਰ ਨਾਲ ਆਉਂਦਾ ਹੈ ਜਾਂ ਕੁਝ ਨਸ਼ਾ ਵਗੈਰਾ ਕਰਦਾ ਹੈ। ਮਾਪਿਆਂ ਨੂੰ ਇਨ੍ਹਾਂ ਗੱਲਾਂ ਨੂੰ ਅਣਗੌਲਿਆ ਨਹੀਂ ਛੱਡਣਾ ਚਾਹੀਦਾ ਕਿਉਂਕਿ ਬਹੁਤ ਸਾਰੇ ਅਜਿਹੇ ਮਾਮਲੇ ਸਾਹਮਣੇ ਆ ਰਹੇ ਹਨ ਜਿਨ੍ਹਾਂ ਵਿੱਚ ਦੇਖਿਆ ਗਿਆ ਹੈ ਕਿ ਮੁੰਡੇ ਨਸ਼ਾ ਕਰਕੇ ਇਹੋ ਜਿਹੇ ਘਿਣਾਉਣੇ ਜੁਰਮ ਕਰਦੇ ਹਨ। ਬਲਾਤਕਾਰ ਵਰਗੇ ਘਿਣਾਉਣੇ ਅਪਰਾਧ ਨੂੰ ਠੱਲ੍ਹ ਪਾਉਣ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਅਤੇ ਸਬਕ ਸਿਖਾਉਣਯੋਗ ਸਜ਼ਾ ਦੇਵੇ ਕਿਉਂਕਿ ਬਲਾਤਕਾਰੀ ਇਕੋ ਸਮੇਂ ਇੱਕ ਨਹੀਂ ਸਗੋਂ ਕਈ ਗੁਨਾਹ ਇਕੱਠੇ ਕਰ ਰਿਹਾ ਹੁੰਦਾ ਹੈ। ਉਹ ਇੱਕ ਤਾਂ ਔਰਤ ਦਾ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰਦੇ ਹੋਏ ਉਸ ਨੂੰ ਸਮਾਜ ਵਿੱਚ ਸਾਰੀ ਜ਼ਿੰਦਗੀ

# ਕੀ ਮੌਤ ਦੀ ਸਜ਼ਾ ਨਾਲ ਜੁਰਮ ਦਾ ਖ਼ਾਤਮਾ ਸੰਭਵ ਹੈ ?

ਜਗਜੀਤ ਗਿੱਲ

ਚਾਰ ਸਾਲ ਬਾਅਦ ਆਖ਼ਰ ਅਜਮਲ ਕਸਾਬ ਨੂੰ ਫ਼ਾਂਸੀ ਦੇ ਦਿੱਤੀ ਗਈ। ਇਹ ਉਦੋਂ ਹੋਇਆ ਜਦੋਂ ਸਾਰੀ ਦੁਨੀਆਂ ਇਸ ਗੱਲ ਉੱਤੇ ਵਿਚਾਰ ਕਰ ਰਹੀ ਸੀ ਕਿ ਮੌਤ ਦੀ ਸਜ਼ਾ ਨੂੰ ਦੁਨੀਆਂ 'ਚੋਂ ਖ਼ਤਮ ਕਰ ਦਿੱਤਾ ਜਾਵੇ। ਇਸ ਫ਼ਾਂਸੀ ਨਾਲ ਜਿੱਥੇ ਦੁਨੀਆਂ ਨੂੰ ਇਹ ਪਤਾ ਲੱਗ ਗਿਆ ਕਿ ਭਾਰਤ ਦਹਿਸ਼ਤਗਰਦੀ ਦੇ ਵਿਰੁੱਧ ਹੈ ਅਤੇ ਇੱਥੋਂ ਦਾ ਕਾਨੂੰਨ ਕਿਸੇ ਵੀ ਦਹਿਸ਼ਤਗਰਦ ਨੂੰ ਮੁਆਫ਼ ਨਹੀਂ ਕਰਦਾ ਉੱਥੇ ਭਾਰਤ ਦੇ ਮਨੁੱਖੀ ਅਧਿਕਾਰਾਂ ਸਬੰਧੀ ਰਵੱਈਏ 'ਤੇ ਵੀ ਪ੍ਰਸ਼ਨ ਚਿੰਨ ਲੱਗ ਗਿਆ ਹੈ। ਕਸਾਬ ਦੀ ਫ਼ਾਂਸੀ ਤੋਂ ਬਾਅਦ ਅਫ਼ਜ਼ਲ ਗੁਰੂ ਅਤੇ ਦਵਿੰਦਰਪਾਲ ਸਿੰਘ ਭੁੱਲਰ ਦੀ ਫ਼ਾਂਸੀ ਦੀ ਵੀ ਚਰਚਾ ਹੋਣ ਲੱਗ ਪਈ ਹੈ ਤੇ ਨਾਲ ਹੀ ਪਾਕਿਸਤਾਨ ਵਿੱਚ ਦੇਸ਼ ਵਿਰੋਧੀ ਗਤੀਵਿਧੀਆਂ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਕਿਰਪਾਲ ਸਿੰਘ ਅਤੇ ਸਰਬਜੀਤ ਦੀ ਫ਼ਾਂਸੀ ਦੀ ਵੀ। ਕਸਾਬ ਨੂੰ ਦਿੱਤੀ ਫ਼ਾਂਸੀ ਦੀ ਸਜ਼ਾ ਸਵਾਲ ਖੜ੍ਹਾ ਕਰਦੀ ਹੈ ਕਿ ਕੀ ਅੱਖ ਦੇ ਬਦਲੇ ਅੱਖ ਕੱਢਣ ਦੀ ਨੀਤੀ ਸਹੀ ਹੈ ਅਤੇ ਕੀ ਇਸਦੇ ਹੁਣ ਤਕ ਸਹੀ ਅਤੇ ਉਸਾਰੂ ਨਤੀਜੇ ਨਿਕਲੇ ਹਨ? ਜੇ ਇਸਦਾ ਜੁਆਬ ਹਾਂ ਹੈ ਤਾਂ ਫਿਰ ਮੌਤ ਦੀ ਸਜ਼ਾ ਦੇਣ ਵਿੱਚ ਕੋਈ ਗੁਨਾਹ ਨਹੀਂ ਪਰ ਜੇ ਨਹੀਂ ਤਾਂ ਫਿਰ ਫ਼ਿਕਰ ਕਰਨਾ ਬਣਦਾ ਹੈ। ਚਿੰਤਾ ਤਾਂ ਇਸ ਗੱਲ ਦੀ ਹੈ ਕਿ ਜਿਨ੍ਹਾਂ ਦੇਸ਼ਾਂ ਵਿੱਚ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ ਉੱਥੇ ਜੁਰਮਾਂ ਦੀ ਤਾਦਾਦ ਉਨ੍ਹਾਂ ਦੇਸ਼ਾਂ ਨਾਲੋਂ ਵੱਧ ਹੈ ਜਿੱਥੇ ਇਹ ਸਜ਼ਾ ਨਹੀਂ ਦਿੱਤੀ ਜਾਂਦੀ। ਅੱਜ ਤੋਂ ਅੱਠ ਸਾਲ ਪਹਿਲਾਂ ਸਾਲ 2004 ਵਿੱਚ ਬੰਗਾਲ ਦੇ ਬਲਾਤਕਾਰੀ ਧਨੰਜੈ ਚੈਟਰਜੀ ਨੂੰ ਫ਼ਾਂਸੀ ਉੱਤੇ ਲਟਕਾਇਆ ਗਿਆ ਸੀ ਤਾਂ ਲੋਕਾਂ ਕਿਹਾ ਸੀ ਕਿ ਹੁਣ ਘੱਟੋ-ਘੱਟ ਭਾਰਤ ਵਿੱਚ ਤਾਂ ਕੋਈ ਕਿਸੇ ਨਾਲ ਬਲਾਤਕਾਰ ਨਹੀਂ ਕਰੇਗਾ ਪਰ ਜੇ ਵੇਖਿਆ ਜਾਏ ਤਾਂ ਇਕੱਲੇ ਹਰਿਆਣੇ ਵਿੱਚ ਹੀ ਕੁਝ ਹੀ ਦਿਨਾਂ ਵਿੱਚ ਬਲਾਤਕਾਰ ਦੀਆਂ ਸੈਂਕੜੇ ਘਟਨਾਵਾਂ ਹੋਈਆਂ ਹਨ। ਨਸ਼ਿਆਂ ਦੀ ਤਸਕਰੀ ਕਰਨ ਵਾਲੇ ਪਾਕਿਸਤਾਨੀ ਸੱਯਦ ਜ਼ਾਹਿਦ ਹੁਸੈਨ ਸ਼ਾਹ ਨੂੰ ਜ਼ਹਿਰ ਦਾ ਟੀਕਾ ਲਾ ਕੇ 21 ਸਤੰਬਰ 2011 ਨੂੰ ਸ਼ੰਘਾਈ ਵਿੱਚ ਮਾਰਿਆ ਗਿਆ ਸੀ ਤਾਂ ਕੀ ਹੁਣ ਨਸ਼ੇ ਖ਼ਤਮ ਹੋ ਗਏ ਹਨ, ਨਹੀਂ ਸਗੋਂ ਹੁਣ ਤਾਂ ਰਾਜ ਨੇਤਾਵਾਂ ਦੀ ਸ਼ਹਿ ਉੱਤੇ ਤਸਕਰੀ ਹੋਰ ਵੀ ਵਧ ਗਈ ਹੈ ਕਿਉਂਕਿ ਮੁਜਰਮਾਂ ਦੀ ਪਿੱਠ ਉੱਤੇ ਸਰਕਾਰ ਨੂੰ ਚਲਾਉਣ ਵਾਲੇ ਹੀ ਹੁੰਦੇ ਹਨ। ਅਸਲ ਵਿੱਚ ਲੋੜ ਇਸ ਗੱਲ ਦੀ ਹੈ ਕਿ ਮੁਜਰਮ ਨੂੰ ਖ਼ਤਮ ਕਰਨ ਦੀ ਬਜਾਏ ਜੁਰਮ ਨੂੰ ਖ਼ਤਮ ਕੀਤਾ ਜਾਵੇ। ਮੌਤ ਦੀ ਸਜ਼ਾ ਪ੍ਰਾਪਤ ਵਿਅਕਤੀ ਮਰਨ ਤੋਂ ਬਾਅਦ ਛੁੱਟ ਜਾਂਦਾ ਹੈ ਬੇਸ਼ੱਕ ਉਸਨੇ ਜਿਉਂਦੇ ਜੀਅ ਮੌਤ ਨਾਲੋਂ ਵੀ ਬਦਤਰ ਜ਼ਿੰਦਗੀ ਜੇਲ੍ਹ ਵਿੱਚ ਗੁਜ਼ਾਰੀ ਹੁੰਦੀ ਹੈ। ਅੱਜ ਵੀ ਬਹੁਤ ਸਾਰੇ ਅਗਾਂਹਵਧੂ ਦੇਸ਼ ਸੰਗੀਨਤਰ ਜੁਰਮਾਂ ਦੀ ਸਜ਼ਾ ਦੇ ਤੌਰ 'ਤੇ ਮੁਜਰਮ ਨੂੰ ਕੁਦਰਤੀ ਮੌਤ ਆਉਣ ਤਕ ਕੈਦ ਦੀ ਸਜ਼ਾ ਦਿੰਦੇ ਹਨ ਜੋ ਮੌਤ ਦੀ ਸਜ਼ਾ ਨਾਲੋਂ ਵੀ ਬਦਤਰ ਹੈ। ਦੋਸ਼ੀ ਸਾਰੀ ਉਮਰ ਮੌਤ ਮੰਗਦਾ ਹੈ। ਮੌਤ ਦੀ ਸਜ਼ਾ ਨਾਲ ਤਾਂ ਸਗੋਂ ਗੁਨਾਹਗਾਰ ਮੁਕਤ ਹੋ ਜਾਂਦਾ ਹੈ ਤੇ ਫਿਰ ਉਸਨੂੰ ਆਪਣੇ ਪਾਪਾਂ ਦੇ ਬੋਝ ਤੋਂ ਵੀ ਛੁਟਕਾਰਾ ਮਿਲ ਜਾਂਦਾ ਹੈ। ਜੇ ਮੌਤ ਦੀ ਸਜ਼ਾ ਦੀ ਗੱਲ ਕਰੀਏ ਤਾਂ ਸ਼ੁਰੂ ਤਾਂ ਇਹ ਹਜ਼ਾਰਾਂ ਸਾਲ ਪਹਿਲਾਂ ਤੋਂ ਹੀ ਹੋ ਗਈ ਸੀ ਪਰ ਆਧੁਨਿਕ ਕਾਲ ਵਿੱਚ ਇਸਨੇ ਜ਼ਿਆਦਾ ਜ਼ੋਰ ਫੜ ਲਿਆ ਹੈ। ਲਗਪਗ ਸਾਰੀ ਦੁਨੀਆਂ ਦੇ ਦੇਸ਼ਾਂ ਵਿੱਚ ਇਹ ਸਜ਼ਾ ਪ੍ਰਚਲਿਤ ਹੈ ਅਤੇ ਇਸ ਨੂੰ ਅੰਜਾਮ ਦੇਣ ਦੇ ਢੰਗ ਵੀ ਵੱਖ-ਵੱਖ ਦੇਸ਼ਾਂ ਵਿੱਚ ਵੱਖੋ-ਵੱਖਰੇ ਹਨ। ਦੁਨੀਆਂ ਵਿੱਚ ਮੌਤ ਦੀ ਸਜ਼ਾ ਦੇਣ ਲਈ ਦਸ ਤਰੀਕੇ ਵਰਤੇ ਜਾਂਦੇ ਹਨ। ਲੀਥਲ ਇੰਜੈਕਸ਼ਨ (ਜ਼ਹਿਰ ਦਾ ਟੀਕਾ), ਬਿਜਲੀ ਦੇ ਕਰੰਟ ਵਾਲੀ ਕੁਰਸੀ, ਗੈਸ ਚੈਂਬਰ, ਇੱਕ ਆਦਮੀ ਦੁਆਰਾ ਗੋਲੀ ਮਾਰਨਾ, ਇੱਕੋ ਸਮੇਂ ਬਹੁਤ ਸਾਰੇ ਆਦਮੀਆਂ ਵੱਲੋਂ ਗੋਲੀ ਮਾਰਨਾ, ਫੰਦਾ ਲਾਉਣਾ, ਤਲਵਾਰ ਨਾਲ ਸਿਰ ਕੱਟਣਾ, ਗਿਲੋਟਿਨ (ਟੋਕਾ, ਫਰਾਂਸ ਵਿੱਚ ਆਖ਼ਰੀ ਵਾਰ ਇਸ ਨਾਲ ਪਬਲਿਕ ਦੇ ਸਾਮ੍ਹਣੇ 1939 ਵਿੱਚ ਸਜ਼ਾ ਦਿੱਤੀ ਗਈ ਸੀ), ਧੌਣ ਤਕ ਸਰੀਰ ਮਿੱਟੀ ਵਿੱਚ ਦੱਬ ਕੇ ਰੋੜੇ ਮਾਰਨੇ (ਈਰਾਨ), ਗੈਰੋਟ (ਕੁਰਸੀ ਉੱਤੇ ਬਿਠਾ ਕੇ ਇੱਕ ਧਾਤੂ ਦੇ ਬਣੇ ਸ਼ਿਕੰਜੇ ਨਾਲ ਪੇਚ ਕੱਸਣਾ ਅਤੇ ਇੰਨਾ ਕੱਸਣਾ ਕਿ ਧੌਣ ਦਾ ਮਣਕਾ ਤੇ ਰੀੜ੍ਹ ਦੀ ਹੱਡੀ ਟੁੱਟ ਜਾਵੇ)।

ਮੌਤ ਦੀ ਸਜ਼ਾ ਪ੍ਰਾਪਤ ਵਿਅਕਤੀ ਹਰ ਪਲ ਮਰਦਾ ਹੈ। ਉਸਦੀ ਇਸ ਹਾਲਤ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ। ਅਣਮਨੁੱਖੀ ਵਿਵਹਾਰ ਅਤੇ ਮਰਨ ਤੋਂ ਪਹਿਲਾਂ ਮਾਨਸਿਕ ਤਸ਼ੱਦਦ ਮਨੁੱਖੀ ਅਧਿਕਾਰਾਂ ਦਾ ਹਨਨ ਹਨ। ਹਰ ਸਾਲ ਸੰਸਾਰ ਦੇ ਹਜ਼ਾਰਾਂ ਨਾਗਰਿਕਾਂ ਨੂੰ ਕਿਸੇ ਨਾ ਕਿਸੇ ਗੁਨਾਹ ਕਰਕੇ ਮੌਤ ਦੀ ਸਜ਼ਾ ਦੇ ਦਿੱਤੀ ਜਾਂਦੀ ਹੈ। ਅੱਜ ਬਹੁਤ ਸਾਰੇ ਦੇਸ਼ਾਂ ਵਿੱਚੋਂ ਇਸ ਸਜ਼ਾ ਨੂੰ ਕੇਵਲ ਕੁਝ ਕੁ ਸੰਗੀਨ ਜੁਰਮਾਂ ਵਾਸਤੇ ਹੀ ਵਰਤਿਆ ਜਾਂਦਾ ਹੈ। ਬਹੁਤੇ ਜੁਰਮਾਂ ਲਈ ਇਸਦੀ ਵਰਤੋਂ ਨਹੀਂ ਕੀਤੀ ਜਾਂਦੀ। ਅਮਨੈਸਟੀ ਦੀ ਵਿਚਾਰਧਾਰਾ ਇਹ ਹੈ ਕਿ ਜੋ ਦੰਗੇ ਦੋਸ਼ੀ ਨੂੰ ਮੌਤ ਦੀ ਸਜ਼ਾ ਦੇਣ ਤੋਂ ਬਾਅਦ ਭੜਕਦੇ ਹਨ ਉਨ੍ਹਾਂ ਵਿੱਚ ਹੋਣ ਵਾਲੇ ਨੁਕਸਾਨ ਤੋਂ ਤਦ ਹੀ ਬਚਿਆ ਜਾ ਸਕਦਾ ਹੈ ਜੇ ਇਸ ਸਜ਼ਾ ਨੂੰ ਖ਼ਤਮ ਕਰ ਦਿੱਤਾ ਜਾਵੇ। ਪਿਛਲੇ ਦਿਨੀਂ ਪੰਜਾਬ ਵਿੱਚ ਵੀ ਜਦੋਂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਜੁਰਮ ਵਿੱਚ ਬਲਵੰਤ ਸਿੰਘ ਰਾਜੋਆਣਾ ਨੂੰ ਫ਼ਾਂਸੀ ਦਿੱਤੀ ਜਾਣ ਲੱਗੀ ਸੀ ਤਾਂ ਇਸੇ ਗੱਲ ਨੂੰ ਮੱਦੇਨਜ਼ਰ ਰੱਖਦਿਆਂ ਅਮਨੈਸਟੀ ਇੰਟਰਨੈਸ਼ਨਲ ਦੇ ਏਸ਼ੀਆ ਮਹਾਂਦੀਪ ਦੇ ਨਿਰਦੇਸ਼ਕ ਸੈਮ ਜ਼ਰੀਫ਼ੀ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਚਿੱਠੀ ਲਿਖ ਕੇ ਸਜ਼ਾ ਰੋਕਣ ਲਈ ਕਿਹਾ ਸੀ।

ਇਸ ਵੇਲੇ ਵੀ ਸੰਸਾਰ ਉੱਤੇ 18750 ਲੋਕ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਹਨ ਅਤੇ ਚੀਨ ਨੂੰ ਛੱਡ ਕੇ 2011 ਵਿੱਚ ਛੇ ਸੌ ਛਿਹੱਤਰ ਲੋਕਾਂ ਨੂੰ ਫ਼ਾਂਸੀ ਦਿੱਤੀ ਗਈ ਹੈ। ਇਸੇ ਸਾਲ ਦੌਰਾਨ ਇਕੱਲੇ ਚੀਨ ਵਿੱਚ ਚਾਰ ਹਜ਼ਾਰ ਲੋਕਾਂ ਨੂੰ ਫ਼ਾਂਸੀ ਦਿੱਤੀ ਗਈ। ਜਿਥੋਂ ਤਕ ਅਜ਼ਾਦ ਭਾਰਤ ਦਾ ਸਵਾਲ ਹੈ ਇੱਥੇ ਸਭ ਤੋਂ ਪਹਿਲਾਂ ਮਹਾਤਮਾ ਗਾਂਧੀ ਦੇ ਕਾਤਲ ਨੱਥੂ ਰਾਮ ਗੋਡਸੇ ਨੂੰ ਫ਼ਾਂਸੀ ਦਿੱਤੀ ਗਈ ਤੇ ਸਭ ਤੋਂ ਆਖ਼ਰੀ ਫ਼ਾਂਸੀ ਬੰਗਾਲ ਦੇ ਬਲਾਤਕਾਰੀ ਤੇ ਕਾਤਲ ਧਨੰਜੈ ਚੈਟਰਜੀ ਨੂੰ 2004 ਵਿੱਚ ਦਿੱਤੀ ਗਈ ਸੀ। ਸੰਨ 1975 ਤੋਂ ਲੈ ਕੇ ਹੁਣ ਤਕ ਲਗਪਗ 43 ਲੋਕਾਂ ਨੂੰ ਸਜ਼ਾ-ਏ-ਮੌਤ ਦਿੱਤੀ ਗਈ ਜਿਨ੍ਹਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਤਲ ਸਤਵੰਤ ਸਿੰਘ, ਕੇਹਰ ਸਿੰਘ ਅਤੇ ਜਨਰਲ ਵੈਦਿਆ ਦੇ ਕਾਤਲ ਹਰਜਿੰਦਰ ਸਿੰਘ ਤੇ ਸੁਖਦੇਵ ਸਿੰਘ ਸ਼ਾਮਲ ਹਨ। ਪਿਛਲੇ ਕੁਝ ਸਮਿਆਂ ਤੋਂ ਇਸ ਸਜ਼ਾ ਖ਼ਿਲਾਫ਼ ਆਵਾਜ਼ ਉੱਠਣੀ ਸ਼ੁਰੂ ਹੋਈ ਹੈ। ਜਿਉਣ ਦਾ ਅਧਿਕਾਰ ਸਭ ਨੂੰ ਹੈ ਅਤੇ ਜੇ ਗੁਨਾਹਕਾਰ ਗੁਨਾਹ ਕਰ ਕੇ ਪਛਤਾਉਂਦਾ ਤੇ ਮੁਆਫ਼ੀ ਮੰਗਦਾ ਹੈ ਤਾਂ ਉਸਦੀ ਸਜ਼ਾ ਮੁਆਫ਼ ਕਰ ਦੇਣੀ ਬਣਦੀ ਹੈ। ਕੁਝ ਦਿਨ ਪਹਿਲਾਂ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਦੇ ਮਤੇ ਦੇ ਹੱਕ ਵਿੱਚ 110 ਦੇਸ਼ਾਂ ਨੇ ਵੋਟ ਪਾਏ ਪਰ ਵਿਰੋਧ ਵਿੱਚ ਭਾਰਤ ਸਮੇਤ ਸਿਰਫ਼ 39 ਦੇਸ਼ਾਂ ਨੇ ਵੋਟ ਪਾਏ। ਸੰਯੁਕਤ ਰਾਸ਼ਟਰ ਮਹਾਂਸਭਾ ਵੱਲੋਂ ਪਾਸ ਕੀਤੇ ਗਏ ਮਤੇ ਵਿੱਚ ਸਾਰੇ ਦੇਸ਼ਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਸਜ਼ਾ ਏ ਮੌਤ ਉੱਤੇ ਰੋਕ ਲਾਉਣ ਅਤੇ ਅਠਾਰਾਂ ਸਾਲ ਤੋਂ ਘੱਟ ਉਮਰ ਅਤੇ ਔਰਤ ਮੁਜਰਮਾਂ ਨੂੰ ਇਹ ਸਜ਼ਾ ਨਾ ਦਿੱਤੀ ਜਾਵੇ। ਇਸਦੇ ਨਾਲ ਹੀ ਇਸ ਮਤੇ ਵਿੱਚ ਜੁਰਮਾਂ ਦੀ ਤਾਦਾਦ ਨੂੰ ਵੀ ਘੱਟ ਕਰਨ ਲਈ ਕਿਹਾ ਗਿਆ ਹੈ ਜਿਨ੍ਹਾਂ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ ਪਰ ਭਾਰਤ ਨੇ ਇਸ ਦੇ ਵਿਰੋਧ ਵਿੱਚ ਦਲੀਲ ਦਿੰਦਿਆਂ ਕਿਹਾ ਕਿ ਉਸਨੂੰ ਆਪਣੀ ਕਾਨੂੰਨ ਪ੍ਰਣਾਲੀ ਬਾਰੇ ਕੋਈ ਵੀ ਫ਼ੈਸਲਾ ਕਰਨ ਦਾ ਹੱਕ ਹੈ। ਭਾਰਤ ਉਸ ਕਾਨੂੰਨ ਪ੍ਰਣਾਲੀ ਦੀ ਗੱਲ ਕਰ ਰਿਹਾ ਹੈ ਜਿਸ ਨੇ ਅਜੇ ਤਕ ਹਜ਼ਾਰਾਂ ਸਿੱਖਾਂ ਅਤੇ ਸੈਂਕੜੇ ਮੁਸਲਮਾਨਾਂ ਦੇ ਕਾਤਲਾਂ ਨੂੰ ਫ਼ਾਂਸੀ ਤਾਂ ਕੀ ਦੇਣੀ ਸੀ ਗ੍ਰਿਫ਼ਤਾਰ ਵੀ ਨਹੀਂ ਕੀਤਾ।

ਨਿਰਸੰਦੇਹ ਦਹਿਸ਼ਤਗਰਦੀ ਸਾਰੀ ਦੁਨੀਆਂ ਦੇ ਸਾਹਮਣੇ ਇੱਕ ਵੱਡਾ ਸੰਕਟ ਹੈ ਪਰ ਇਸਨੂੰ ਖ਼ਤਮ ਕਰਨ ਲਈ ਭਾਰਤ ਦੀ ਅੰਦਰੂਨੀ ਰੱਖਿਅਕ ਪ੍ਰਣਾਲੀ ਨੂੰ ਚੁਸਤ ਅਤੇ ਅਤਿ ਆਧੁਨਿਕ ਬਣਾਉਣ ਦੇ ਨਾਲ ਭ੍ਰਿਸ਼ਟਾਚਾਰ ਰਹਿਤ ਕਰਨਾ ਵੀ ਜ਼ਰੂਰੀ ਹੈ ਤਾਂ ਕਿ ਦੇਸ਼ ਦੀ ਸੁਰੱਖਿਆ ਨੂੰ ਰਿਸ਼ਵਤਖੋਰ ਨੇਤਾ ਅਤੇ ਦੇਸ਼ ਦੇ ਅਖੌਤੀ ਰਾਖੇ ਦਾਅ 'ਤੇ ਨਾ ਲਾ ਦੇਣ। ਰਾਜਨੀਤਕ ਪਾਰਟੀਆਂ ਨੂੰ ਇੱਕਮੁੱਠ ਹੋ ਕੇ ਅਤੇ ਸੱਤਾ ਦੇ ਮੋਹ ਨੂੰ ਤਿਆਗ ਕੇ ਦੇਸ਼ ਦੇ ਹਿੱਤਾਂ ਨੂੰ ਪ੍ਰਮੁੱਖ ਰੱਖ ਕੇ ਅਜਿਹੇ ਫ਼ੈਸਲੇ ਲੈਣੇ ਚਾਹੀਦੇ ਹਨ ਜਿਸ ਨਾਲ ਬਦਲੇਖੋਰੀ ਦੀ ਭਾਵਨਾ ਦੀ ਬਜਾਇ ਹਮਦਰਦੀ ਦਾ ਭਾਵ ਸਾਹਮਣੇ ਆਏ।

# ਪੰਜਾਬੀ ਵਿਚ ਵਧ ਰਿਹਾ ਕੁੱਤਿਆਂ ਦਾ ਆਤੰਕ



ਤਿੰਨ ਸਾਲਾਂ ਬੱਚੇ ਨੂੰ ਕੁੱਤਿਆਂ ਨੇ ਨੋਚ-ਨੋਚ ਕੇ ਖਾ ਲਿਆ, ਰਾਹ ਜਾਂਦੇ ਬਜ਼ੁਰਗ ਨੂੰ ਕੁੱਤਿਆਂ ਨੇ ਘੇਰਿਆਂ, ਅੱਧਾ ਧੜ ਖਾ ਲਿਆ, ਕੁੱਤਿਆਂ ਨੇ ਇਕ ਕੰਡਕਟਰ ਦਾ ਸਿਰ ਨੋਚ ਨੋਚ ਕੇ ਧੜ ਤੋਂ ਵੱਖ ਕਰ ਦਿੱਤਾ, ਪੰਜ ਸਾਲਾਂ ਬੱਚੀ ਨੂੰ ਕੁੱਤੇ ਖਾ ਗਏ। ਇਹ ਬੀਤੇ ਦਿਨੀਂ ਅਖਬਾਰਾਂ ਦੀਆਂ ਬਣੀਆਂ ਕੁੱਝ ਸੁਰਖੀਆਂ। ਅਜਿਹੀਆਂ ਘਟਨਾਵਾਂ ਬੀਤੇ ਕੁੱਝ ਸਾਲਾਂ ਤੋਂ ਲਗਾਤਾਰ ਦੇਖਣ ਸੁਣਨ ਨੂੰ ਮਿਲ ਰਹੀਆਂ ਹਨ। ਕਦੇ ਵਫਾਦਾਰੀ ਦੀ ਮਿਸਾਲ ਸਮਝੇ ਜਾਣ ਵਾਲੇ ਕੁੱਤੇ ਆਵਾਰਾ ਅੱਜ ਮਨੁੱਖ ਦੇ ਸਭ ਤੋਂ ਖਤਰਨਾਕ ਦੁਸ਼ਮਣ ਬਣ ਗਏ ਹਨ, ਜਿਹੜੇ ਸ਼ਰੇਆਮ ਸੜਕਾਂ 'ਤੇ ਦਿਨ ਰਾਤ ਮਨੁੱਖਾਂ ਨੂੰ ਵੰਗਾਰਦੇ ਹਨ। ਪੰਜਾਬ 'ਚ ਬੀਤੇ ਦੋ ਸਾਲਾਂ ਤੋਂ ਕੁੱਤਿਆਂ ਦੇ ਕਹਿਰ ਦੀਆਂ ਇੰਨੀਆਂ ਘਟਨਾਵਾਂ ਵੱਧ ਗਈਆਂ ਕਿ ਪਿਛਲੀ ਵਾਰ ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਨੂੰ ਇਹ ਮੁੱਦਾ ਵਿਧਾਨ ਸਭਾ 'ਚ ਉਠਾਉਣਾ ਪਿਆ। ਸਮੁੱਚਾ ਪੰਜਾਬ ਇਸ ਸਮੇਂ ਨਸ਼ਿਆਂ ਤੋਂ ਬਾਅਦ ਇਸ ਵੱਡੀ ਜਾਨਲੇਵਾ ਬੀਮਾਰੀ ਨਾਲ ਜੂਝ ਰਿਹਾ ਹੈ। ਗਲੀ ਮੁਹੱਲਿਆਂ ਵਿਚੀ ਆਵਾਰਾ ਕੁੱਤਿਆਂ ਦੇ ਰੂਪ ਵਿਚ ਬੇਖੌਫ ਘੁੰਮ ਰਹੀ ਮੌਤ ਨੇ ਮਨੁੱਖ ਜਾਤੀ ਤੇ ਜਿਵੇਂ ਹਮਲਾ ਬੋਲ ਦਿੱਤਾ ਹੈ। ਲਗਭਗ ਹਰ ਜ਼ਿਲ੍ਹੇ, ਹਰ ਸ਼ਹਿਰ ਅਤੇ ਹਰ ਪਿੰਡ ਵਿਚ ਆਵਾਰਾ ਕੁੱਤਿਆਂ ਵਲੋਂ ਮਨੁੱਖਾਂ ਨੂੰ ਨੋਚ ਨੋਚ ਖਾਣ ਦੀਆਂ ਘਟਨਾਵਾਂ ਵਧੇਰੇ ਵਾਪਰਦੀਆਂ ਹਨ। ਪਹਿਲਾਂ ਪਹਿਲ ਗੱਲ ਕੁੱਤੇ ਦੇ ਵੱਢਣ ਤੱਕ ਹੀ ਸੀ ਪਰ ਹੁਣ ਇਹ ਆਦਮਖੋਰ ਬਣ ਚੁੱਕੇ ਹਨ। ਇਹ ਝੁੰਡਾਂ ਦੇ ਰੂਪ ਵਿਚ ਹਮਲਾ ਕਰਦੇ ਹਨ ਅਤੇ ਉਦੋਂ ਤੱਕ ਮਨੁੱਖ ਨੂੰ ਨੋਚਦੇ ਰਹਿੰਦੇ ਹਨ ਜਦੋਂ ਤੱਕ ਇਨ੍ਹਾਂ ਦਾ ਪੇਟ ਨਹੀਂ ਭਰ ਜਾਂਦਾ। ਕੁੱਤੇ ਮੋਟਰਸਾਈਕਲ, ਸਾਈਕਲ, ਦੂਜੇ ਦੋਪਹੀਆ ਵਾਹਨ ਚਲਾ ਰਹੇ ਲੋਕਾਂ 'ਤੇ ਲੁਕ ਛਿਪ ਕੇ ਹਮਲਾ ਕਰ ਦਿੰਦੇ ਹਨ ਤੇ ਉਨ੍ਹਾਂ ਨੂੰ ਕਈ ਵਾਰ ਵੱਢ ਵੀ ਲੈਂਦੇ ਹਨ। ਕਈ ਵਾਰ ਕੁੱਤੇ ਤੋਂ ਬਚਣ ਲਈ ਦੋਪਹੀਆ ਵਾਹਨ ਹਾਦਸਿਆਂ ਦਾ ਸ਼ਿਕਾਰ ਵੀ ਹੁੰਦੇ ਹਨ। ਕੁੱਤਿਆਂ ਦੇ ਝੁੰਡ ਕਈ ਵਾਰ ਕਾਰਾਂ ਵੱਲ ਵੀ ਭੱਜਦੇ ਹਨ, ਜਿਵੇਂ ਇਸ ਗੱਲ ਦਾ ਅਹਿਸਾਸ ਕਰਾਉਂਦੇ ਹੋਣ ਕਿ ਕਾਰ ਤਾਂ ਉਨ੍ਹਾਂ ਨੇ ਹੀ ਚਲਾਉਣੀ ਹੈ ਤੇ ਬੰਦਾ ਕੋਈ ਹੋਰ ਵਿਚ ਬੈਠਾ ਹੈ, ਪਰ ਅਫਸੋਸ ਦੀ ਗੱਲ ਇਹ ਹੈ ਕਿ ਸਾਡਾ ਪ੍ਰਸ਼ਾਸ਼ਨ ਸਭ ਕੁੱਝ ਦੇਖਦਿਆਂ ਸੁਣਦਿਆਂ ਵੀ ਅੱਖਾਂ ਮੀਟੀ ਬੈਠਾ ਹੈ। ਆਵਾਰਾ ਕੁੱਤਿਆਂ ਨਾਲ ਨਜਿੱਠਣ ਲਈ ਨਗਰ ਨਿਗਮ, ਨਗਰ ਪਾਲਿਕਾਵਾਂ, ਨਗਰ ਪੰਚਾਇਤਾਂ ਅਤੇ ਦੂਜੇ ਸਥਾਨਕ ਪ੍ਰਸ਼ਾਸ਼ਨ ਕੋਈ ਕਦਮ ਨਹੀਂ ਚੁੱਕਦੇ।

ਅੰਮ੍ਰਿਤਸਰ : ਇਸੇ ਸਾਲ ਬੀਤੀ 8 ਫਰਵਰੀ ਨੂੰ ਤਰਨਤਾਰਨ ਰੋਡ 'ਤੇ ਇਕ ਪਿੰਡ ਮਹਿਮਾ ਪੰਡੋਰੀ 'ਚ ਕੁੱਤਿਆਂ ਨੇ ਇਕ ਨਿੱਜੀ ਕੰਪਨੀ ਦੇ ਕੰਡਕਟਰ ਸੁਬੇਗ ਸਿੰਘ ਨੂੰ ਨੋਚ ਨੋਚ ਕੇ ਖਾ ਲਿਆ। ਕੁੱਤਿਆਂ ਨੇ ਕੰਡਕਟਰ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ। ਸਵੇਰੇ ਜਦੋਂ ਲੋਕਾਂ ਨੇ ਲਾਸ਼ ਦੇ ਨਾਲ ਕੁੱਤਿਆਂ ਦਾ ਝੁੰਡ ਦੇਖਿਆ ਤਾਂ ਉਹ ਦੰਗ ਰਹਿ ਗਏ। ਸ਼ਹਿਰ 'ਚ ਕੁੱਤਿਆਂ ਦੀ ਆਬਾਦੀ ਦੀ ਕੋਈ ਗਿਣਤੀ ਤਾਂ ਨਹੀਂ ਹੈ ਪਰ ਗਲੀਆਂ, ਮੁਹੱਲਿਆਂ ਇਥੋਂ ਤੱਕ ਕਿ ਖਾਸ ਇਲਾਕਿਆਂ 'ਚ ਘੁੰਮਦੇ ਕੁੱਤੇ ਲੋਕਾਂ ਦੇ ਵਿਚ ਦਹਿਸ਼ਤ ਫੈਲਾ ਰਹੇ ਹਨ। 8 ਫਰਵਰੀ ਦੀ ਘਟਨਾ ਤੋਂ ਬਾਅਦ ਪ੍ਰਸ਼ਾਸ਼ਨ ਸੰਭਲਿਆ ਪਸ਼ੂ ਪਾਲਣ ਵਿਭਾਗ ਅਤੇ ਨਗਰ ਨਿਗਮ ਦੀ ਇਕ ਜੁਆਇੰਟ ਮੀਟਿੰਗ ਹੋਈ, ਜਿਸ ਵਿਚ ਤੈਅ ਕੀਤਾ ਗਿਆ ਕਿ ਪਸ਼ੂ ਪਾਲਣ ਵਿਭਾਗ ਕੁੱਤਿਆਂ ਦੀ ਨਸਬੰਦੀ ਕਰੇਗਾ ਤੇ ਨਗਰ ਨਿਗਮ ਦਾ ਅਮਲਾ ਕੁੱਤਿਆਂ ਨੂੰ ਫੜੇਗਾ। ਸ਼ਹਿਰ 'ਚ ਕੁੱਤਿਆਂ ਨੂੰ ਫੜਨ ਲਈ ਪੰਜ ਜ਼ੋਨ ਬਣਾਏ ਗਏ। ਇਨ੍ਹਾਂ ਟੀਮਾਂ ਦੇ ਗਠਨ ਨੂੰ ਲਗਭਗ 8 ਮਹੀਨੇ ਬੀਤੇ ਚੁੱਕੇ ਹਨ ਪਰ ਨਗਰ ਨਿਗਮ ਨੇ ਕੁੱਤੇ ਕਿੰਨੇ ਫੜੇ ਹਨ, ਉਨ੍ਹਾਂ ਕੋਲ ਇਸ ਦਾ ਕੋਈ ਵੀ ਅੰਕੜਾ ਨਹੀਂ ਹੈ ਤੇ ਨਾ ਹੀ ਪਸ਼ੂ ਪਾਲਣ ਵਿਭਾਗ ਕੋਲ ਕਿ ਉਨ੍ਹਾਂ ਨੇ ਕਿੰਨੇ ਕੁੱਤਿਆਂ ਦੀ ਨਸਬੰਦੀ ਕੀਤੀ ਹੈ। ਇਸ ਬਾਰੇ ਜਦੋਂ ਕੁੱਝ ਦਿਨ ਪਹਿਲਾਂ ਨਗਰ ਨਿਗਮ ਦੇ ਕਮਿਸ਼ਨਰ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਾਬਕਾ ਕੇਂਦਰੀ ਮੰਤਰੀ ਮੇਨਕਾ ਗਾਂਧੀ ਦੇ ਦਫ਼ਤਰ ਵਲੋਂ ਜਦੋਂ ਕੋਈ ਆਰਡਰ ਮਿਲੇਗਾ ਉਦੋਂ ਹੀ ਨਗਰ ਨਿਗਮ ਕੁੱਤਿਆਂ ਖਿਲਾਫ ਕੋਈ ਐਕਸ਼ਨ ਲੈ ਸਕਦੇ ਹਨ। ਕਮਿਸ਼ਨਰ ਨੇ ਮੰਨਿਆ ਕਿ ਕਈ ਵਾਰ ਦਿੱਲੀ ਤੋਂ ਫੋਨ ਆਇਆ ਹੈ ਕਿ ਕੁੱਤਿਆਂ ਵਿਰੁੱਧ ਜਬਰ ਨਾ ਕੀਤਾ ਜਾਵੇ। ਸ੍ਰੀ ਮੁਕਤਸਰ ਸਾਹਿਬ : ਫਿਰੋਜ਼ਪੁਰ ਰੋਡ ਸਥਿਤ ਹੱਡਾਰੋੜੀ ਦੀ ਚਾਰਦੀਵਾਰੀ ਨਾ ਹੋਣ ਕਾਰਨ ਇਥੇ ਆਵਾਰਾ ਕੁੱਤਿਆਂ ਦੀ ਭਰਮਾਰ ਹੈ। ਦੇਰ ਸ਼ਾਮ ਜਾਂ ਤੜਕਸਾਰ ਇਥੋਂ ਇਕੱਲੇ ਆਦਮੀ ਦਾ ਲੰਘਣਾ ਮੁਸ਼ਕਲ ਹੈ। ਇਸ ਤੋਂ ਇਲਾਵਾ ਸ਼ਹਿਰ ਦੀਆਂ ਕਈ ਥਾਵਾਂ 'ਤੇ ਕੁੱਤਿਆਂ ਦੇ ਵੱਗ ਫਿਰਦੇ ਦੇਖੇ ਜਾ ਸਕਦੇ ਹਨ ਅਤੇ ਇਨ੍ਹਾਂ ਵਲੋਂ ਆਮ ਵਿਅਕਤੀਆਂ ਨੂੰ ਵੱਢਣ ਦੀਆਂ ਘਟਨਾਵਾਂ ਅਕਸਰ ਹੀ ਵਾਪਰਦੀਆਂ ਹਨ। ਆਵਾਰਾ ਕੁੱਤਿਆਂ ਦੀ ਨਸਬੰਦੀ ਬਾਰੇ ਕਦੇ ਕੋਈ ਕਦਮ ਚੁੱਕਿਆ ਗਿਆ ਜਾਂ ਨਹੀਂ, ਇਸ ਬਾਰੇ ਨਗਰ ਕੌਂਸਲ ਦੇ ਨਾਲ-ਨਾਲ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਪੂਰੀ ਜਾਣਕਾਰੀ ਨਹੀਂ। ਇਸ ਜਗ੍ਹਾ ਤੋਂ ਮਰੇ ਪਸ਼ੂਆਂ ਨੂੰ ਧੂਹ ਕੇ ਕਈ ਵਾਰ ਆਵਾਰਾ ਕੁੱਤੇ ਸੜਕ 'ਤੇ ਲੈ ਆਉਂਦੇ ਹਨ ਜਿਸ ਨਾਲ ਰਾਹਗੀਰਾਂ ਨੂੰ ਭਾਰੀ ਮੁਸ਼ਕਲ ਹੁੰਦੀ ਹੈ ਤੇ ਇਥੋਂ ਆਉਂਦੀ ਗੰਦੀ ਬਦਬੂ ਕਈ ਬੀਮਾਰੀਆਂ ਨੂੰ ਜਨਮ ਦਿੰਦੀ ਹੈ, ਜਿਸ ਤਰ੍ਹਾਂ ਦਿਨੋ ਦਿਨ ਹੱਡਾਰੋੜੀ ਦੇ ਆਸਪਾਸ ਅਤੇ ਸ਼ਹਿਰ ਵਿਚ ਆਵਾਰਾ ਕੁੱਤਿਆਂ ਦੀ ਸਮੱਸਿਆ ਵੱਧ ਰਹੀ ਹੈ, ਇਸ ਨਾਲ ਕਿਸੇ ਵੀ ਸਮੇਂ ਕੋਈ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਹੈ। ਇਸ ਸੰਬੰਧੀ ਜਦੋਂ ਸਮਾਜ ਸੇਵੀ ਸੰਸਥਾ ਨਵਆਸਰਾ ਯੂਥ ਵੈਲਫੇਅਰ ਸੁਸਾਇਟੀ, ਪੰਜਾਬੀ ਵਿਰਸਾ ਯੂਥ ਕਲੱਬ, ਨਗਰ ਸੁਧਾਰ ਸਭਾ, ਫਤਿਹ ਵੈਲਫੇਅਰ ਸੁਸਾਇਟੀ ਦੇ ਅਹੁਦੇਦਾਰਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਇਕ ਵਿਚਾਰਨਯੋਗ ਮਸਲਾ ਹੈ। ਜੇ ਇਸ ਪ੍ਰਤੀ ਗੰਭੀਰ ਨਾ ਹੋਏ ਤਾਂ ਭਵਿੱਖ ਵਿਚ ਇਹ ਆਵਾਰਾ ਕੁੱਤੇ ਕੋਈ ਵੱਡਾ ਨੁਕਸਾਨ ਕਰ ਸਕਦੇ ਹਨ।

ਪਟਿਆਲਾ : ਲੋਕ ਭਲਾਈ ਚੇਤਨਾ ਮੰਚ ਤੇ ਆਈ. ਐਮ. ਏ. ਦੇ ਆਗੂਆਂ ਨੇ ਪੰਜਾਬ ਵਿਚ ਆਵਾਰਾ ਕੁੱਤਿਆਂ ਕਾਰਨ ਹੋ ਰਹੀਆਂ ਘਟਨਾ 'ਤੇ ਚਿੰਤਾ ਜਤਾਈ। ਲੋਕ ਭਲਾਈ ਚੇਤਨਾ ਮੰਚ ਅਤੇ ਆਈ. ਐਮ. ਏ. ਵਲੋਂ ਪ੍ਰਮੁੱਖ ਸਕੱਤਰ ਪੰਜਾਬ, ਚੰਡੀਗੜ੍ਹ ਡਿਪਟੀ ਕਮਿਸ਼ਨਰ ਪਟਿਆਲਾ, ਸਿਵਲ ਸਰਜਨ ਪਟਿਆਲਾ ਅਤੇ ਨਗਰ ਨਿਗਮ ਪਟਿਆਲਾ ਦੇ ਕਮਿਸ਼ਨਰ ਨੂੰ ਇਕ ਪੱਤਰ ਲਿਖ ਕੇ ਆਵਾਰਾ ਕੁੱਤਿਆਂ ਗਿਣਤੀ 'ਤੇ ਨੱਥ ਪਾਉਣ ਦੀ ਮੰਗ ਕੀਤੀ ਹੈ। ਪਟਿਆਲਾ ਦੀਆਂ ਇਨ੍ਹਾਂ ਸੰਸਥਾਵਾਂ ਨਾਲ ਸਬੰਧਤ ਕਰਮਜੀਤ ਸਿੰਘ ਜਟਾਣਾ, ਡਾ. ਬੀ. ਐਲ. ਭਾਰਦਵਾਜ, ਡਾ. ਡੀ. ਐਸ. ਭੁੱਲਰ ਨੇ ਕਿਹਾ ਕਿ ਪੰਜਾਬ ਵਿਚ ਆਵਾਰਾ ਕੁੱਤਿਆਂ ਦੇ ਵੱਧ ਰਹੇ ਆਤੰਕ ਨੂੰ ਲੈ ਕੇ ਲੋਕਾਂ ਵਿਚ ਸਹਿਮ ਪੈਦਾ ਹੋ ਰਿਹਾ ਹੈ। ਇਸ ਗੰਭੀਰ ਸਮੱਸਿਆ ਨੂੰ ਰੋਕਣ ਸੰਬੰਧੀ ਪ੍ਰਸ਼ਾਸ਼ਨ ਬੁਰੀ ਤਰ੍ਹਾਂ ਅਸਫਲ ਸਾਬਤ ਹੋ ਗਿਰਹਾ ਹੈ। ਸੁਸਾਇਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਸਰਕਾਰ ਅਤੇ ਪ੍ਰਸ਼ਾਸ਼ਨ ਵਲੋਂ ਸਮੱਸਿਆ ਦੇ ਹੱਲ ਸੰਬੰਧੀ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਇਸ ਸੰਬੰਧੀ ਮਿਊਂਸਪਲ ਕਾਰਪੋਰੇਸ਼ਨ ਪਟਿਆਲਾ ਨੂੰ ਪਹਿਲਾਂ ਹੀ ਕਈ ਮੰਗ ਪੱਤਰ ਭੇਜੇ ਜਾ ਚੁੱਕੇ ਹਨ ਤੇ ਹੁਣ ਮੁੱਖ ਸਕੱਤਰ ਪੰਜਾਬ ਨੂੰ ਸਿੱਧੇ ਤੌਰ 'ਤੇ ਦਖਲ ਅੰਦਾਜ਼ੀ ਕਰਨ ਲਈ ਮੰਗ ਪੱਤਰ ਭੇਜਿਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਕੁੱਤਿਆਂ ਦੀ ਨਸਬੰਦੀ ਕਰਾਉਣ ਲਈ ਯੋਜਨਾ ਨੂੰ ਅਮਲੀ ਰੂਪ ਦਿੱਤਾ ਜਾਵੇ ਅਤੇ ਐਨੀਮਲ ਐਕਟ ਵਿਚ ਸੋਧ ਕੀਤੀ ਜਾਵੇ ਤਾਂ ਕਿ ਕੁੱਤਿਆਂ ਦੀ ਗਿਣਤੀ ਘਟਾਉਣ ਲਈ ਕਦਮ ਚੁੱਕੇ ਜਾ ਸਕਣ।

ਮੋਗਾ : ਪਿੰਡ ਦੌਧਰ ਨਿਵਾਸੀ ਦਲਜੀਤ ਸਿੰਘ ਪੱਪੂ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਰਹਿ ਰਿਹਾ ਨੇਪਾਲੀ ਮਜ਼ਦੂਰ ਰਾਮ ਸਰੂਪ ਜੋ ਕਿ 8 ਸਾਲ ਤੋਂ ਇਥੇ ਰਹਿ ਰਿਹਾ ਹੈ, ਦਾ ਸਾਲਾਂ ਲੜਕਾ ਜੋ ਤੀਜੀ ਕਲਾਸ ਦਾ ਵਿਦਿਆਰਥੀ ਸੀ, ਨੂੰ ਆਵਾਰਾ ਕੁੱਤਿਆਂ ਨੇ ਉਸ ਵੇਲੇ ਨੋਚ ਨੋਚ ਕੇ ਖਾ ਲਿਆ ਸੀ ਜਦੋਂ ਉਹ ਆਪਣੇ ਘਰ ਦੇ ਕੋਲ ਖੇਡ ਰਿਹਾ ਸੀ। ਸਾਡੇ ਪਹੁੰਚਣ ਤੱਕ ਕੁੱਤੇ ਬੱਚੇ ਨੂੰ ਖਤਮ ਕਰ ਚੁੱਕੇ ਸਨ। ਹੱਡਾ ਰੋੜੀ ਦੇ ਨੇੜੇ ਰਹਿਣ ਵਾਲੇ ਦਿਆਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਸੱਜਰ ਸੂਈ ਮੱਝ ਦੀ ਕੱਟੀ ਨੂੰ ਆਵਾਰਾ ਕੁੱਤੇ ਨੋਚ-ਨੋਚ ਕੇ ਖਾ ਗਏ ਸਨ। ਇਸੇ ਤਰ੍ਹਾਂ ਬਲਵੀਰ ਸਿੰਘ ਦੇ ਡੰਗਰਾਂ 'ਤੇ ਵੀ ਹਮਲਾ ਕਰਕੇ ਇਕ ਵੱਛੀ ਨੂੰ ਖਾ ਗਏ ਸਨ ਅਤੇ ਇਕ ਵੱਛੀ ਨੂੰ ਜ਼ਖਮੀ ਕਰ ਦਿੱਤਾ ਸੀ। ਇਸ ਤਰ੍ਹਾਂ ਆਵਾਰਾ ਕੁੱਤਿਆਂ ਤੋਂ ਪ੍ਰੇਸ਼ਾਨ ਕਿਸਾਨ ਅਮਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਆਪਣੇ ਖੇਤਾਂ ਵਿਚ ਜਾਣ ਲਈ ਬੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਹੱਡਾ ਰੋੜੀ ਉਨ੍ਹਾਂ ਦੇ ਖੇਤ ਦੇ ਰਸਤੇ ਵਿਚ ਪੈਂਦੀ ਹੈ ਜਦੋਂ ਕਿ ਕੋਈ ਹੱਡਾ ਰੋੜੀ ਦੇ ਕੋਲ ਦੀ ਲੰਘਦਾ ਹੈ ਤਾਂ ਕੁੱਤੇ ਉਸ ਦੇ ਮਗਰ ਪੈ ਜਾਂਦੇ ਹਨ ਜੋ ਲੋਕਾਂ ਨੂੰ ਤਾਂ ਪ੍ਰੇਸ਼ਾਨ ਕਰਦੇ ਹਨ ਨਾਲ ਹੀ ਫਸਲਾਂ ਦਾ ਵੀ ਨੁਕਸਾਨ ਕਰਦੇ ਹਨ। ਗੁਰਦਾਸਪੁਰ : ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਵੈਟਨਰੀ ਹਸਪਤਾਲ ਦੇ ਡਾਕਟਰ ਗੁਰਦੇਵ ਸਿੰਘ ਨੇ ਦੱਸਿਆ ਕਿ ਪਸ਼ੂ ਭਲਾਈ ਬੋਰਡ ਵਲੋਂ ਕੁੱਤਿਆਂ ਦੀ ਨਸਬੰਦੀ ਕਰਨ ਦਾ ਕੰਮ ਨਗਰ ਕੌਂਸਲਾਂ ਨੂੰ ਦੇ ਦਿੱਤਾ ਗਿਆ ਹੈ। ਜੇਕਰ ਨਗਰ ਕੌਂਸਲ ਕੁੱਤੇ ਫੜ ਕੇ ਲਿਆਏਗੀ ਤਾਂ ਉਹ ਇਨ੍ਹਾਂ ਦੀ ਨਸਬੰਦੀ ਕਰਨ ਲਈ ਤਿਆਰ ਹਨ। ਦੂਜੇ ਪਾਸੇ ਨਗਰ ਕੌਂਸਲ ਗੁਰਦਾਸਪੁਰ ਦੀ ਪ੍ਰਧਾਨ ਸੰਤੋਸ਼ ਰਿਆੜ ਦਾ ਕਹਿਣਾ ਹੈ ਕਿ ਇਸ ਸੰਬੰਧੀ ਵਿਭਾਗ ਵਲੋਂ ਉਨ੍ਹਾਂ ਨੂੰ ਕੋਈ ਨਿਰਦੇਸ਼ ਨਹੀਂ ਹਨ ਜਦੋਂ ਨਿਰਦੇਸ਼ ਆਉਣਗੇ ਤਾਂ ਪਾਲਣ ਕੀਤਾ ਜਾਵੇਗਾ।

ਝਬਾਲ : ਆਵਾਰਾ ਕੁੱਤਿਆਂ ਨੂੰ ਮਾਰਨ ਤੋਂ ਰੋਕਣ ਲਈ ਹੋਂਦ ਵਿਚ ਆਈ ਐਸ. ਪੀ. ਸੀ. ਏ. (ਸੁਸਾਇਟੀ ਫਾਰ ਪ੍ਰੋਟੈਕਸ਼ਨ ਆਫ ਪਰੋਇਲਟੀ ਐਨੀਮਲ) ਕਮੇਟੀ ਅੱਗੇ ਵੈਟਨਰੀ ਵਿਭਾਗ ਬੋਣਾ ਹੋ ਚੁੱਕਾ ਹੈ, ਕਿਉਂਕ ਹੁਣ ਵਿਭਾਗ ਕੋਲ ਆਵਾਰਾ ਕੁੱਤਿਆਂ ਦੀ ਆਬਾਦੀ ਨੂੰ ਕੰਟਰੋਲ ਕਰਨ ਦਾ ਕੋਈ ਤਰੀਕਾ ਨਹੀਂ ਬਚਿਆ। ਇੰਨਾ ਹੀ ਨਹੀਂ ਆਵਾਰਾ ਕੁੱਤਿਆਂ ਵਲੋਂ ਕੱਟੇ ਜਾਣ ਦਾ ਸ਼ਿਕਾਰ ਹੋਣ ਵਾਲਿਆਂ ਨੂੰ ਸਿਵਲ ਹਸਪਤਾਲਾਂ ਵਿਚ ਐਂਟੀ ਰੈਬਿਜ ਟੀਕਿਆਂ ਦੀ ਘਾਟ ਨਾਲ ਵੀ ਜੂਝਣਾ ਪੈਂਦਾ ਹੈ ਕਿਉਂਕਿ ਇਹ ਟੀਕੇ ਮਹਿੰਗੇ ਭਾਅ ਦੇ ਹੋਣ ਕਰਕੇ ਗਰੀਬ ਵਰਗ ਵਲੋਂ ਨਿੱਜੀ ਤੌਰ 'ਤੇ ਖਰੀਦਣੇ ਵਸ ਵਿਚ ਨਹੀਂ ਹੁੰਦੇ।

ਬਾਜ਼ਾਰੋਂ ਖਰੀਦਣ 'ਤੇ ਇਹ ਟੀਕਾ ਜਿਥੇ ਪੌਣੇ ਚਾਰ ਸੌ ਦੇ ਲਗਭਗ ਕੀਮਤ 'ਤੇ ਮਿਲਦਾ ਹੈ ਅਤੇ ਵੱਖ-ਵੱਖ ਤਰ੍ਹਾਂ ਦੇ ਕੇਸਾਂ ਵਿਚ ਇਨ੍ਹਾਂ ਦੇ ਮਰੀਜਾਂ ਨੂੰ ਲਾਉਣ ਦੀ ਗਿਣਤੀ 3 ਤੋਂ 7 ਟੀਕੇ ਹੁੰਦੀ ਹੈ, ਜਦੋਂ ਕਿ ਇਸ ਸਰਕਾਰੀ ਹਸਪਤਾਲਾਂ ਵਿਚੋਂ ਇਹ ਟੀਕਾ ਇਕ ਸੌ ਰੁਪਏ 'ਚ ਮੁਹੱਈਆ ਕਰਵਾਇਆ ਜਾਂਦਾ ਹੈ। ਅੰਮ੍ਰਿਤਸਰ ਵਿਚ ਆਵਾਰਾ ਕੁੱਤਿਆਂ ਦੀ ਆਬਾਦੀ ਨੂੰ ਨੱਥ ਪਾਉਦ ਨਈ ਚਲਾਈ ਗਈ ਨਸਬੰਦੀ ਮੁਹਿੰਮ ਮਰਨਤਾਰਨ ਜ਼ਿਲੇ ਵਿਚ ਦਸਤਕ ਹੀ ਨਹੀਂ ਦੇ ਸਕੀ।

ਜਲੰਧਰ : ਜਲੰਧਰ ਸ਼ਹਿਰ ਦੇ ਤਾਂ ਇਥੇ ਵੀ ਤੁਹਾਨੂੰ ਹਰ ਗਲੀ ਬਾਜ਼ਾਰ, ਮੁਹੱਲੇ ਅਤੇ ਚੌਂਕਾਂ ਵਿਚ ਆਵਾਰਾ ਕੁੱਤੇ ਮਿਲ ਜਾਣਗੇ। ਰਾਤ ਨੂੰ ਇਨ੍ਹਾਂ ਆਵਾਰਾ ਕੁੱਤਿਆਂ ਦਾ ਕਹਿਰ ਹੋਰ ਵੀ ਵੱਧ ਜਾਂਦਾ ਹੈ। ਇਹ ਕੁੱਤੇ ਇੰਨੇ ਖਤਰਨਾਕ ਹਨ ਕਿ ਰਾਤ ਵੇਲੇ ਮੋਟਰਸਾਈਕਲ, ਸਕੂਟਰ ਜਾਂ ਸਾਈਕਲ ਸਵਾਰਾਂ 'ਤੇ ਹਮਲਾ ਕਰਨ ਲੱਗੇ ਜ਼ਰਾ ਵੀ ਨਹੀਂ ਡਰਦੇ। ਇਹ ਇਨ੍ਹਾਂ ਲੋਕਾਂ ਦੇ ਪਿੱਛੇ ਦੌੜਦੇ ਹਨ ਜੋ ਕਿ ਕਾਫੀ ਖਤਰਨਾਕ ਹੈ ਤੇ ਇਸ ਕਾਰਨ ਹੀ ਕਾਫੀ ਹਾਦਸੇ ਵੀ ਹੋਏ ਹਨ। ਫੋਕਲ ਪੁਆਇੰਟ ਤੋਂ ਲੈ ਕੇ ਸੋਢਲ ਮੰਦਰ ਹੁੰਦੇ ਹੋਏ ਜਦੋਂ ਅਸੀਂ ਚੰਦਨ ਨਗਰ ਵੱਲ ਜਾਂਦੇ ਹਾਂ ਤਾਂ ਇਥੇ ਕੁੱਤੇ ਦੋਪਹੀਆ ਵਾਹਨਾਂ ਦੇ ਪਿੱਛੇ ਭੱਜਦੇ ਹਨ।

ਜੇਕਰ ਕੋਈ ਦੋਪਹੀਆ ਵਾਹਨ ਤੇਜ਼ ਕਰਕੇ ਬਚਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨਾਲ ਹਾਦਸਾ ਵੀ ਹੋ ਜਾਂਦਾ ਹੈ। ਆਵਾਰਾ ਕੁੱਤਿਆਂ ਦੀ ਸਮੱਸਿਆ ਦੇ ਹੱਲ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਸਾਬਕਾ ਕੌਂਸਲਰ ਕੁਲਜੀਤ ਸਿੰਘ ਬੇਦੀ ਵਲੋਂ ਦਾਇਰ ਅਪੀਲ 'ਤੇ ਹਾਈਕੋਰਟ ਨੇ ਇਸ ਮਾਮਲੇ 'ਤੇ ਮਿਊਂਸਪਲ ਕੌਂਸਲਾਂ ਨੂੰ ਹਦਾਇਤਾਂ ਦਿੱਤੀਆਂ ਹਨ ਕਿ ਉਹ ਇਸ ਸੰਬੰਧੀ ਜਲਦੀ ਕਾਰਵਾਈ ਕਰੇ। ਹਦਾਇਤਾਂ ਦੀ ਕਾਪੀ ਕੁਲਜੀਤ ਸਿੰਘ ਬੇਦੀ ਨੇ ਮੁਹਾਲੀ ਕੌਂਸਲ ਸਮੇਤ ਪੰਜਾਬ ਦੇ ਕਈ ਵਿਭਾਗਾਂ ਦੇ ਉਚ ਅਧਿਕਾਰੀਆਂ ਨੂੰ ਭੇਜੀਆਂ ਹਨ। ਇਸ ਸੰਬੰਧੀ ਆਪਣੇ ਉਤਰ ਵਿਚ ਬੇਦੀ ਨੇ ਕਿਹਾ ਹੈ ਕਿ ਉਨ੍ਹਾਂ ਵਲੋਂ ਪਾਏ ਗਏ ਕੇਸ ਸੰਬੰਧੀ ਹਾਈਕੋਰਟ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿਚ ਆਵਾਰਾ ਕੁੱਤਿਆਂ ਦੀ ਸਮੱਸਿਆ ਦੇ ਹੱਲ ਲਈ ਕੌਂਸਲਾਂ ਨੂੰ ਕਾਰਵਾਈ ਲਈ ਕਿਹਾ ਹੈ।

# ਟਰੰਪ ਦੀ ਡਾਂਸ ਨੇ ਛੇੜੀ ਸਿਆਸੀ ਚਰਚਾ !

## ਸਾਊਦੀ ਦੇ ਏਅਰਬੇਸ 'ਤੇ ਈਰਾਨੀ ਹਮਲਾ ਮਗਰੋਂ ਵੀਡੀਓ ਵਾਇਰਲ



ਤਹਿਰਾਨ , 29 ਮਾਰਚ (ਪ੍ਰਤੀਨਿਧੀ) : ਮੱਧ-ਪੂਰਬ ਵਿੱਚ ਜੰਗ ਵਰਗੀ ਸਥਿਤੀ ਦੇ ਵਿੱਚਕਾਰ ਸਾਊਦੀ ਅਰਬ ਦੇ ਪ੍ਰਿੰਸ ਸੁਲਤਾਨ ਏਅਰਬੇਸ 'ਤੇ ਈਰਾਨ ਵਲੋਂ ਕੀਤੇ ਗਏ ਮਿਜ਼ਾਇਲ ਹਮਲੇ ਨੇ ਪੂਰੇ ਵਿਸ਼ਵ ਵਿੱਚ ਤਣਾਅ ਪੈਦਾ ਕਰ ਦਿੱਤਾ ਹੈ। ਇਸ ਹਮਲੇ ਵਿੱਚ 20 ਅਮਰੀਕੀ ਸੈਨਿਕ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚੋਂ 8 ਦੀ ਹਾਲਤ ਬਹੁਤ ਗੰਭੀਰ ਦੱਸੀ ਜਾ ਰਹੀ ਹੈ। ਹਮਲੇ ਦੌਰਾਨ ਮਿਜ਼ਾਇਲਾਂ ਦੇ ਨਾਲ-ਨਾਲ ਡਰੋਨਾਂ ਦੀ ਵਰਤੋਂ ਵੀ ਕੀਤੀ ਗਈ, ਜਿਸ ਕਾਰਨ ਅਮਰੀਕੀ ਹਵਾਈ ਸੈਨਾ ਦੇ ਕਈ ਰੀਫਿਊਲਿੰਗ ਜਹਾਜ਼ ਨੁਕਸਾਨੇ ਗਏ ਹਨ। ਇਸ ਭਿਆਨਕ ਹਮਲੇ ਅਤੇ ਅਮਰੀਕੀ ਸੈਨਿਕਾਂ ਦੇ ਜ਼ਖ਼ਮੀ ਹੋਣ ਦੇ ਵਿੱਚਕਾਰ, ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਇੱਕ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਵੱਡਾ ਸਿਆਸੀ ਵਿਵਾਦ ਛਿੜ ਗਿਆ ਹੈ। ਵੀਡੀਓ ਵਿੱਚ ਟਰੰਪ ਇੱਕ ਜਨਤਕ ਪ੍ਰੋਗਰਾਮ ਦੌਰਾਨ ਨਿਵੇਸ਼ਕਾਂ ਦੇ ਸਾਹਮਣੇ ਚੁਟਕਲੇ ਸੁਣਾਉਂਦੇ ਅਤੇ ਆਪਣੇ ਖਾਸ ਅੰਦਾਜ਼ ਵਿੱਚ ਡਾਂਸ ਕਰਦੇ ਨਜ਼ਰ ਆ ਰਹੇ ਹਨ।


ਆਲੋਚਕਾਂ ਅਤੇ ਵਿਰੋਧੀ ਨੇਤਾਵਾਂ ਨੇ ਟਰੰਪ ਦੇ ਇਸ ਵਤੀਰੇ ਦੀ ਸਖ਼ਤ ਨਿਖੇਧੀ ਕੀਤੀ ਹੈ। ਸੋਸ਼ਲ ਮੀਡੀਆ 'ਤੇ ਲੋਕਾਂ ਨੇ ਲਿਖਿਆ ਕਿ 'ਜਦੋਂ ਜ਼ਮੀਨ 'ਤੇ ਅਮਰੀਕੀ ਸੈਨਿਕਾਂ ਦਾ ਖ਼ੂਨ ਵਹਿ ਰਿਹਾ ਹੈ, ਉਦੋਂ ਰਾਸ਼ਟਰਪਤੀ ਦਾ ਮੰਚ 'ਤੇ ਡਾਂਸ ਕਰਨਾ ਬੇਹੱਦ ਸ਼ਰਮਨਾਕ ਅਤੇ ਗੈਰ-ਗੰਭੀਰ ਹੈ'। ਕਈ ਵਿਸ਼ਲੇਸ਼ਕਾਂ ਨੇ ਇਸ ਨੂੰ 'ਟਾਈਮਿੰਗ ਦਾ ਸਵਾਲ' ਦੱਸਦਿਆਂ ਪੁੱਛਿਆ ਹੈ ਕਿ ਕੀ ਇਹ ਇੱਕ ਸੱਚੇ ਲੀਡਰ ਦਾ ਸੁਨੇਹਾ ਹੈ ? ਦੂਜੇ ਪਾਸੇ, ਟਰੰਪ ਦੇ ਸਮਰਥੱਕਾਂ ਦਾ ਕਹਿਣਾ ਹੈ ਕਿ ਇਹ ਇੱਕ ਪਹਿਲਾਂ ਤੋਂ ਤੈਅ ਪ੍ਰੋਗਰਾਮ ਸੀ ਅਤੇ ਵੀਡੀਓ ਨੂੰ ਗਲਤ ਸੰਦਰਭ ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

# ਈਰਾਨੀ ਹੈੱਕਰਾਂ ਦੀ ਅਮਰੀਕਾ ਤਕ ਮਾਰ ! ਐੱਫ.ਬੀ. ਆਈ. ਡਾਇਰੈਕਟਰ ਦੀ ਨਿੱਜੀ ਈ-ਮੇਲ ਕਰ ਲਈ ਹੈਕ

ਵਾਸ਼ਿੰਗਟਨ , 29 ਮਾਰਚ (ਪ੍ਰਤੀਨਿਧੀ) : ਅਮਰੀਕਾ ਦੀ ਚੋਟੀ ਦੀ ਸੁਰੱਖ਼ਿਆ ਏਜੰਸੀ ਫ਼ੈਡਰਲ ਬਿਊਰੋ ਔਫ਼ ਇਨਵੈਸਟੀਗੇਸ਼ਨ (ਐੱਫ਼.ਬੀ. ਆਈ.) ਦੇ ਡਾਇਰੈਕਟਰ ਕਾਸ਼ ਪਟੇਲ ਦੀ ਸੁਰੱਖ਼ਿਆ ਵਿੱਚ ਇੱਕ ਵੱਡੀ ਸੰਨ੍ਹ ਲੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਈਰਾਨ ਨਾਲ ਕਥਿਤ ਸਬੰਧ ਰੱਖਣ ਵਾਲੇ ਸਾਈਬਰ ਅਪਰਾਧੀਆਂ ਨੇ ਕਾਸ਼ ਪਟੇਲ ਦੇ ਨਿੱਜੀ ਈ-ਮੇਲ ਖਾਤੇ ਵਿੱਚ ਘੁਸਪੈਠ ਕੀਤੀ ਹੈ ਅਤੇ ਉਨ੍ਹਾਂ ਦਾ ਨਿੱਜੀ ਡਾਟਾ ਲੀਕ ਕਰ ਦਿੱਤਾ ਹੈ।

'ਹੰਡਾਲਾ ਹੈਕ-ਟੀਮ' ਨਾਮਕ ਹੈਕਰਾਂ ਦੇ ਸਮੂਹ ਨੇ ਇਸ ਹੈਕਿੰਗ ਦੀ ਜ਼ਿੰਮੇਵਾਰੀ ਲਈ ਹੈ। ਆਪਣੇ ਦਾਅਵੇ ਨੂੰ ਸਾਬਤ ਕਰਨ ਲਈ, ਸਮੂਹ ਨੇ ਇੰਟਰਨੈੱਟ 'ਤੇ ਐੱਫ਼.ਬੀ. ਆਈ. ਡਾਇਰੈਕਟਰ ਦੀਆਂ ਤਸਵੀਰਾਂ ਅਤੇ ਉਨ੍ਹਾਂ ਦਾ ਨਿੱਜੀ ਰੈਜ਼ਿਊਮੇ ਜਨਤਕ ਕਰ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਦਾ ਨਿੱਜੀ ਈ-ਮੇਲ ਪਤਾ ਵੀ ਦਿਖਾਈ ਦੇ ਰਿਹਾ ਹੈ।

ਇਸ ਸਾਈਬਰ ਹਮਲੇ ਦਾ ਸਮਾਂ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ। ਇਹ ਹਮਲਾ ਅਮਰੀਕੀ ਨਿਆਂ ਵਿਭਾਗ ਵੱਲੋਂ ਹੰਡਾਲਾ ਗਰੁੱਪ ਨਾਲ ਜੁੜੇ ਚਾਰ ਡਿਜੀਟਲ ਡੋਮੇਨਾਂ ਨੂੰ ਜ਼ਬਤ ਕਰਨ ਤੋਂ ਤੁਰੰਤ ਬਾਅਦ ਕੀਤਾ ਗਿਆ ਹੈ।



ਹੈਕਰਾਂ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਦਿਆਂ ਅਮਰੀਕੀ ਸਰਕਾਰ ਦੀ ਕਾਰਵਾਈ ਦਾ ਮਜ਼ਾਕ ਉਡਾਇਆ ਅਤੇ ਲਿਖਿਆ, 'ਅਸੀਂ ਇਸ ਹਾਸੋਹੀਣੇ ਸ਼ੋਅ ਦਾ ਜਵਾਬ ਅਜਿਹੇ ਤਰੀਕੇ ਨਾਲ ਦੇਣ ਦਾ ਫ਼ੈਸਲਾ ਕੀਤਾ ਹੈ ਜਿਸ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ'। ਹੈੱਕਰਾਂ ਨੇ ਅੱਗੇ ਕਿਹਾ ਕਿ ਐੱਫ਼.ਬੀ.ਆਈ. ਦੇ ਅਖੌਤੀ 'ਅਭੇਦ' ਸਿਸਟਮ ਨੂੰ ਉਨ੍ਹਾਂ ਦੀ ਟੀਮ ਨੇ ਕੁਝ ਹੀ ਘੰਟਿਆਂ ਵਿੱਚ ਗੋਡਿਆਂ ਭਾਰ ਕਰ ਦਿੱਤਾ।

ਜ਼ਿਕਰਯੋਗ ਹੈ ਕਿ 'ਹੰਡਾਲਾ' ਗਰੁੱਪ ਪਹਿਲਾਂ ਵੀ ਕਈ ਵੱਡੇ ਸਾਈਬਰ ਹਮਲਿਆਂ ਵਿੱਚ ਸ਼ਾਮਲ ਰਿਹਾ ਹੈ। ਜਾਂਚਕਰਤਾਵਾਂ ਅਨੁਸਾਰ, ਇਸ ਸਮੂਹ ਨੇ ਇਜ਼ਰਾਈਲੀ ਸਰਕਾਰ ਅਤੇ ਇਜ਼ਰਾਈਲ ਰੱਖਿਆ ਬਲਾਂ ਨਾਲ ਜੁੜੇ ਲੱਗਭਗ 190 ਲੋਕਾਂ ਦਾ ਸੰਵੇਦਨਸ਼ੀਲ ਡਾਟਾ ਲੀਕ ਕੀਤਾ ਸੀ। ਅਮਰੀਕਾ ਸਥਿਤ ਇੱਕ ਬਹੁ-ਰਾਸ਼ਟਰੀ ਮੈਡੀਕਲ ਟੈਕਨਾਲੋਜੀ ਕੰਪਨੀ 'ਤੇ ਮਾਲਵੇਅਰ ਹਮਲਾ ਕੀਤਾ ਸੀ। ਫ਼ਿਲਹਾਲ ਐੱਫ਼.ਬੀ. ਆਈ. ਦੇ ਬੁਲਾਰੇ ਨੇ ਇਸ ਘਟਨਾ 'ਤੇ ਕੋਈ ਤੁਰੰਤ ਟਿੱਪਣੀ ਨਹੀਂ ਕੀਤੀ ਹੈ, ਪਰ ਮਾਹਿਰਾਂ ਅਨੁਸਾਰ ਇਹ ਘਟਨਾ ਤਹਿਰਾਨ ਨਾਲ ਜੁੜੇ ਹੈੱਕਰਾਂ ਵਲੋਂ ਵਧ ਰਹੇ ਗੰਭੀਰ ਸਾਈਬਰ ਖ਼ਤਰੇ ਨੂੰ ਦਰਸਾਉਂਦੀ ਹੈ।

### ਨੈਨਸੀ ਗਰੇਵਾਲ ਕਤਲ ਕੇਸ 'ਚ ਨਵਾਂ ਮੋੜ !

# ਕੈਨੇਡੀਅਨ ਪੁਲਿਸ ਨੇ ਕਤਲ 'ਚ ਖ਼ਾਲਿਸਤਾਨ ਪੱਖੀ ਕੱਟੜਪੰਥੀ ਸ਼ਾਮਲ ਹੋਣ ਦਾ ਸ਼ੱਕ ਜਤਾਇਆ

ਵੈਨਕੂਵਰ, 29 ਮਾਰਚ (ਪ੍ਰਤੀਨਿਧੀ) : ਕੈਨੇਡਾ 'ਚ ਇੰਡੋ-ਕੈਨੇਡੀਅਨ ਯੂਟਿਊਬਰ ਨੈਨਸੀ ਗਰੇਵਾਲ ਦੇ ਕਤਲ ਨੇ ਹੁਣ ਇੱਕ ਨਵਾਂ ਮੋੜ ਲੈ ਲਿਆ ਹੈ। ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਇਸ ਕਤਲ ਵਿੱਚ ਖ਼ਾਲਿਸਤਾਨ ਪੱਖੀ ਕੱਟੜਪੰਥੀ ਸ਼ਾਮਲ ਹੋ ਸਕਦੇ ਹਨ। ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਅਜੇ ਤਕ ਕਿਸੇ ਵੀ ਕੋਣ ਦੀ ਪੁਸ਼ਟੀ ਨਹੀਂ ਹੋਈ ਹੈ, ਪਰ ਸਾਰੇ ਸੰਭਾਵਿਤ ਉਦੇਸ਼ਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਕਤਲ ਬੇਤਰਤੀਬ ਨਹੀਂ ਸੀ, ਸਗੋਂ ਨਿਸ਼ਾਨਾ ਬਣਾਇਆ ਗਿਆ ਸੀ। ਨੈਨਸੀ ਗਰੇਵਾਲ ਕੈਨੇਡਾ ਦੇ ਲਾਸਾਲੇ ਖੇਤਰ ਵਿੱਚ ਰਹਿੰਦੀ ਸੀ ਅਤੇ ਸੋਸ਼ਲ ਮੀਡੀਆ 'ਤੇ ਖ਼ਾਲਿਸਤਾਨ ਅੰਦੋਲਨ ਵਿਰੁੱਧ ਖੁੱਲ੍ਹ ਕੇ ਬੋਲਦੀ ਸੀ। ਉਸ ਦੇ ਪਰਿਵਾਰ ਦੇ ਅਨੁਸਾਰ, ਉਸ ਨੂੰ ਲੰਬੇ ਸਮੇਂ ਤੋਂ ਧਮਕੀਆਂ ਮਿਲ ਰਹੀਆਂ ਸਨ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਕੁੱਝ ਮਹੀਨੇ ਪਹਿਲਾਂ,



ਉਸ ਦੇ ਘਰ ਵਿੱਚ ਅੱਗ ਲਗਾਉਣ ਦੀ ਇੱਕ ਘਟਨਾ ਵਾਪਰੀ ਸੀ, ਜਿਸ ਨੂੰ ਪੁਲਿਸ ਹੁਣ ਕਤਲ ਨਾਲ ਜੋੜ ਰਹੀ ਹੈ।

ਇਸ ਘਟਨਾ ਦਾ ਸੀ.ਸੀ.ਟੀ.ਵੀ. ਵੀਡੀਓ ਵੀ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਇੱਕ ਵਿਅਕਤੀ ਘਰ ਦੇ ਬਾਹਰ ਅੱਗ ਲਗਾਉਂਦਾ ਦਿਖਾਈ ਦੇ ਰਿਹਾ ਸੀ। 3 ਮਾਰਚ, 2026 ਦੀ ਰਾਤ ਨੂੰ, ਨੈਨਸੀ ਗਰੇਵਾਲ ਨੂੰ ਉਸ ਦੇ ਘਰ ਦੇ ਨੇੜੇ ਕਈ ਵਾਰ ਚਾਕੂ ਮਾਰਿਆ ਗਿਆ ਸੀ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਸੀ, ਜਿੱਥੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ। ਪੁਲਿਸ ਅਤੇ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਇੱਕ ਸਾਂਝੀ ਟੀਮ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਨਿੱਜੀ ਦੁਸ਼ਮਣੀ, ਸੋਸ਼ਲ ਮੀਡੀਆ ਵਿਵਾਦ ਅਤੇ ਸੰਭਾਵਿਤ ਕੱਟੜਪੰਥੀ ਸਬੰਧਾਂ ਸਮੇਤ ਹਰ ਪਹਿਲੂ ਦੀ ਜਾਂਚ ਕਰ ਰਹੇ ਹਨ।

ਨੈਨਸੀ ਨੇ ਆਪਣੀ ਮੌਤ ਤੋਂ ਪਹਿਲਾਂ ਇੱਕ ਵੀਡੀਓ ਵਿੱਚ ਕਿਹਾ ਸੀ ਕਿ ਉਹ ਕੈਨੇਡਾ ਵਿੱਚ ਸੁਰੱਖ਼ਿਅਤ ਮਹਿਸੂਸ ਨਹੀਂ ਕਰਦੀ ਸੀ। ਉਸਨੇ ਖੁੱਲ੍ਹ ਕੇ ਕੁੱਝ ਸਮੂਹਾਂ ਅਤੇ ਨੇਤਾਵਾਂ ਨੂੰ ਵੀ ਨਿਸ਼ਾਨਾ ਬਣਾਇਆ ਸੀ।

ਇਹ ਮਾਮਲਾ ਸਿਰਫ਼ ਇੱਕ ਕਤਲ ਤੋਂ ਵੱਧ ਬਣ ਰਿਹਾ ਹੈ, ਸਗੋਂ ਸੋਸ਼ਲ ਮੀਡੀਆ, ਵਿੱਚਾਰਧਾਰਾ ਅਤੇ ਸੁਰੱਖ਼ਿਆ ਨਾਲ ਜੁੜਿਆ ਇੱਕ ਵੱਡਾ ਮੁੱਦਾ ਬਣ ਰਿਹਾ ਹੈ। ਜਦੋਂ ਕਿ ਖ਼ਾਲਿਸਤਾਨੀ ਲਿੰਕ ਦੀ ਅਜੇ ਪੁਸ਼ਟੀ ਨਹੀਂ ਹੋਈ ਹੈ, ਲਗਾਤਾਰ ਧਮਕੀਆਂ ਅਤੇ ਪਿਛਲੀਆਂ ਘਟਨਾਵਾਂ ਇਸ ਦਿਸ਼ਾ ਵਿੱਚ ਜਾਂਚ ਨੂੰ ਮਜ਼ਬੂਤ ਕਰ ਰਹੀਆਂ ਹਨ।

# ਡਰੱਗ ਤਸਕਰੀ ਮਾਮਲੇ 'ਚ ਗੁਰਅੰਮ੍ਰਿਤ ਸਿੱਧੂ ਨੇ ਅਮਰੀਕੀ ਅਦਾਲਤ 'ਚ ਕਬੂਲਿਆ ਜੁਰਮ, ਕੈਨੇਡਾ ਤੋਂ ਅਮਰੀਕ ਤਕ ਫ਼ੈਲਿਆ ਨੈੱਟਵਰਕ

ਬਰੈਂਪਟਨ, 29 ਮਾਰਚ (ਪ੍ਰਤੀਨਿਧੀ) : ਕੈਨੇਡਾ ਦੇ ਬਰੈਂਪਟਨ ਦੇ ਰਹਿਣ ਵਾਲੇ 62 ਸਾਲਾ ਗੁਰਅੰਮ੍ਰਿਤ ਸਿੱਧੂ ਨੇ ਇੱਕ ਵੱਡੇ ਡਰੱਗ ਤਸਕਰੀ ਮਾਮਲੇ ਵਿੱਚ ਅਮਰੀਕੀ ਅਦਾਲਤ ਵਿੱਚ ਆਪਣਾ ਦੋਸ਼ ਕਬੂਲ ਕਰ ਲਿਆ ਹੈ। ਅਮਰੀਕੀ ਅਧਿਕਾਰੀਆਂ ਦੇ ਅਨੁਸਾਰ ਉਹ ਇੱਕ ਅੰਤਰਰਾਸ਼ਟਰੀ ਡਰੱਗ ਨੈੱਟਵਰਕ ਦਾ ਆਗੂ ਸੀ, ਜੋ ਅਮਰੀਕਾ ਤੋਂ ਕੈਨੇਡਾ ਵਿੱਚ ਵੱਡੀ ਮਾਤਰਾ ਵਿੱਚ ਮੈਥਾਮਫ਼ੇਟਾਮਾਈਨ ਅਤੇ ਕੋਕੀਨ ਦੀ ਤਸਕਰੀ ਕਰਦਾ ਸੀ। ਜਾਂਚ ਏਜੰਸੀਆਂ ਦਾ ਕਹਿਣਾ ਹੈ ਕਿ ਇਹ ਨੈੱਟਵਰਕ ਸਰਹੱਦ ਪਾਰ ਕੰਮ ਕਰਦਾ ਸੀ ਅਤੇ ਇਸ ਵਿੱਚ ਕਈ ਵਿਅਕਤੀ ਸ਼ਾਮਲ ਸਨ। ਅਮਰੀਕਾ ਤੋਂ ਕੈਨੇਡਾ ਵਿੱਚ ਨਸ਼ੀਲੇ ਪਦਾਰਥਾਂ ਦੀਆਂ ਵੱਡੀਆਂ ਖੇਪਾਂ ਭੇਜੀਆਂ ਜਾਂਦੀਆਂ ਸਨ, ਜਿੱਥੇ ਉਨ੍ਹਾਂ



ਨੂੰ ਅੱਗੇ ਸਪਲਾਈ ਕੀਤਾ ਜਾਂਦਾ ਸੀ। ਅਧਿਕਾਰੀਆਂ ਦੇ ਅਨੁਸਾਰ, ਸਿੱਧੂ ਇਸ ਪੂਰੇ ਨੈੱਟਵਰਕ ਦਾ ਮੁੱਖ ਸੰਚਾਲਕ ਸੀ ਅਤੇ ਗੈਰ-ਕਾਨੂੰਨੀ ਵਪਾਰ ਉਸ ਦੇ ਨਿਰਦੇਸ਼ਾਂ ਹੇਠ ਕੀਤਾ ਗਿਆ ਸੀ।

ਸਿੱਧੂ ਨੂੰ ਅਕਤੂਬਰ 2024 ਵਿੱਚ ਕੈਨੇਡਾ ਤੋਂ ਅਮਰੀਕਾ ਹਵਾਲੇ ਕਰ ਦਿੱਤਾ ਗਿਆ ਸੀ। ਉਹ ਉਦੋਂ ਤੋਂ ਅਮਰੀਕੀ ਸੰਘੀ ਹਿਰਾਸਤ ਵਿੱਚ ਹੈ। ਹੁਣ, ਅਦਾਲਤ ਵਿੱਚ, ਉਸ ਨੇ ਕੰਟੀਨਿਊਇੰਗ ਕ੍ਰਿਮੀਨਲ ਐਂਟਰਪ੍ਰਾਈਜ਼ (ਸੀ.ਸੀ.ਈ.) ਦੇ ਗੰਭੀਰ ਦੋਸ਼ ਲਈ ਦੋਸ਼ੀ ਕਬੂਲ ਕਰ ਲਿਆ ਹੈ, ਜਿਸ ਨੂੰ ਅਮਰੀਕਾ ਵਿੱਚ ਇੱਕ ਬਹੁਤ ਗੰਭੀਰ ਅਪਰਾਧ ਮੰਨਿਆ ਜਾਂਦਾ ਹੈ। ਉਸ ਨੂੰ ਘੱਟੋ-ਘੱਟ 20 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ, ਜਿਸ ਵਿੱਚ ਵੱਧ ਤੋਂ ਵੱਧ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ। ਅਦਾਲਤ ਨੇ ਸਜ਼ਾ ਸੁਣਾਉਣ ਦੀ ਮਿਤੀ ਜੁਲਾਈ 2026 ਨਿਰਧਾਰਤ ਕੀਤੀ ਹੈ।

ਇਹ ਵੀ ਸਵਾਲ ਉਠਾਏ ਜਾ ਰਹੇ ਹਨ ਕਿ ਕੈਨੇਡਾ ਨੇ ਖੁਦ ਕੇਸ ਕਿਉਂ ਨਹੀਂ ਚਲਾਇਆ। ਕਾਨੂੰਨੀ ਮਾਹਿਰਾਂ ਦੇ ਅਨੁਸਾਰ, ਇਹ ਮੁੱਖ ਤੌਰ 'ਤੇ ਇਸ ਲਈ ਹੈ ਕਿਉਂਕਿ ਜ਼ਿਆਦਾਤਰ ਅਪਰਾਧ ਸੰਯੁਕਤ ਰਾਜ ਅਮਰੀਕਾ ਵਿੱਚ ਹੋਏ ਸਨ, ਅਤੇ ਇਸਦੀਆਂ ਏਜੰਸੀਆਂ ਕੋਲ ਮਜ਼ਬੂਤ ਸਬੂਤ ਸਨ। ਇਸ ਤੋਂ ਇਲਾਵਾ, ਸੰਯੁਕਤ ਰਾਜ ਅਮਰੀਕਾ ਅਤੇ ਕੈਨੇਡਾ ਵਿੱਚਕਾਰ ਹਵਾਲਗੀ ਸੰਧੀ ਦੇ ਕਾਰਨ, ਦੋਸ਼ੀ ਨੂੰ ਮੁਕੱਦਮੇ ਲਈ ਉੱਥੇ ਭੇਜਿਆ ਗਿਆ ਸੀ।

### ਅਮਰੀਕੀ ਉੱਪ ਰਾਸ਼ਟਰਪਤੀ ਵੈਂਸ ਦਾ ਦਾਅਵਾ

# ਸੁੰਦਰਤਾ ਮੁਕਾਬਲੇ ਦੌਰਾਨ ਡਿੱਗ ਗਏ ਮਾਡਲ ਦੇ ਨਕਲੀ ਦੰਦ !

ਬੈਂਕੌਕ, 29 ਮਾਰਚ (ਪ੍ਰਤੀਨਿਧੀ) : ਸੁੰਦਰਤਾ ਮੁਕਾਬਲਿਆਂ ਵਿੱਚ ਅਕਸਰ ਮਾਡਲਜ਼ ਨੂੰ ਆਪਣੀ ਦਿੱਖ ਅਤੇ ਆਤਮ-ਵਿਸ਼ਵਾਸ ਲਈ ਜਾਣਿਆ ਜਾਂਦਾ ਹੈ, ਪਰ ਹਾਲ ਹੀ ਵਿੱਚ 'ਮਿਸ ਗ੍ਰੈਂਡ ਥਾਈਲੈਂਡ 2026' ਦੇ ਮੰਚ 'ਤੇ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ। ਮੁਕਾਬਲੇ ਦੀ ਇੱਕ ਪ੍ਰਤੀਯੋਗੀ ਕਮੋਲਵਾਨ ਚਨਾਗੋ ਦੇ ਲਾਈਵ ਪਰਫ਼ਾਰਮੈਂਸ ਦੌਰਾਨ ਅਚਾਨਕ ਨਕਲੀ ਦੰਦ ਮੂੰਹ ਵਿੱਚੋਂ ਬਾਹਰ ਨਿਕਲ ਗਏ। ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਕਮੋਲਵਾਨ ਬੜੇ ਆਤਮ-ਵਿਸ਼ਵਾਸ ਨਾਲ ਸਟੇਜ 'ਤੇ ਖੜ੍ਹੀ ਸੀ ਅਤੇ ਜਿਵੇਂ ਹੀ ਉਸ ਨੇ ਆਪਣੀ ਸਪੀਚ ਸ਼ੁਰੂ ਕੀਤੀ ਤਾਂ ਉਸ ਦੇ ਨਕਲੀ ਦੰਦਾਂ ਦਾ ਸੈੱਟ ਮੂੰਹ ਵਿੱਚੋਂ ਬਾਹਰ ਨਿਕਲ ਗਿਆ।



ਹਾਲਾਂਕਿ ਇਹ ਪਲ ਕਾਫ਼ੀ ਸ਼ਰਮਿੰਦਗੀ ਭਰਿਆ ਹੋ ਸਕਦਾ ਸੀ, ਪਰ ਕਮੋਲਵਾਨ ਨੇ ਬਹੁਤ ਹੀ ਪੇਸ਼ੇਵਰ ਤਰੀਕੇ ਨਾਲ ਸਥਿਤੀ ਨੂੰ ਸੰਭਾਲਿਆ। ਉਸ ਨੇ ਤੁਰੰਤ ਮੂੰਹ ਪਿੱਛੇ ਨੂੰ ਘੁੰਮਾਇਆ ਅਤੇ ਆਪਣੇ ਦੰਦ ਠੀਕ ਕਰਕੇ ਬਿਨਾਂ ਘਬਰਾਏ ਆਪਣੀ ਸਪੀਚ ਜਾਰੀ ਰੱਖੀ ਅਤੇ ਫ਼ਿਰ ਰੈਂਪ ਵਾਕ ਵੀ ਕੀਤਾ। ਉਸ ਦੀ ਇਸ ਹਿੰਮਤ ਅਤੇ 'ਪ੍ਰੈਜ਼ੈਂਸ ਔਫ਼ ਮਾਈਂਡ' ਦੀ ਹੁਣ ਸੋਸ਼ਲ ਮੀਡੀਆ 'ਤੇ ਕਾਫ਼ੀ ਤਾਰੀਫ਼ ਹੋ ਰਹੀ ਹੈ। ਇਸ ਘਟਨਾ ਦੀ ਵੀਡੀਓ ਇੰਟਰਨੈੱਟ 'ਤੇ ਅੱਗ ਵਾਂਗ ਫ਼ੈਲ ਗਈ ਹੈ। ਜਿੱਥੇ ਕੁੱਝ ਲੋਕ ਇਸ ਨੂੰ ਹਾਸੋਹੀਣਾ ਦੱਸ ਰਹੇ ਹਨ, ਉੱਥੇ ਹੀ ਵੱਡੀ ਗਿਣਤੀ ਵਿੱਚ ਲੋਕ ਮਾਡਲ ਦਾ ਸਮਰਥਨ ਕਰ ਰਹੇ ਹਨ। ਪ੍ਰਸ਼ੰਸਕਾਂ ਦਾ ਕਹਿਣਾ ਹੈ ਕਿ ਅਜਿਹੀਆਂ ਗਲਤੀਆਂ ਕਿਸੇ ਨਾਲ ਵੀ ਹੋ ਸਕਦੀਆਂ ਹਨ, ਪਰ ਮਹੱਤਵਪੂਰਨ ਇਹ ਹੈ ਕਿ ਤੁਸੀਂ ਉਸ ਤੋਂ ਬਾਅਦ ਆਪਣੇ ਆਪ ਨੂੰ ਕਿਵੇਂ ਸੰਭਾਲਦੇ ਹੋ।

# ਹਾਊਸ ਆਫ਼ ਕਾਮਨਜ਼ 'ਚ 'ਐਂਟੀ-ਹੇਟ' ਬਿੱਲ ਪਾਸ, ਧਾਰਮਿਕ ਤੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਉੱਠੇ ਸਵਾਲ

ਓਟਾਵਾ, 29 ਮਾਰਚ (ਪ੍ਰਤੀਨਿਧੀ) : ਕੈਨੇਡਾ ਦੀ ਹਾਊਸ ਔਫ਼ ਕਾਮਨਜ਼ ਨੇ ਇੱਕ ਨਵਾਂ ਵਿਵਾਦਗ੍ਰਸਤ ਬਿੱਲ ਪਾਸ ਕੀਤਾ ਹੈ ਜਿਸ ਨੂੰ 'ਕੰਬੈਟਿੰਗ ਹੇਟ ਐਕਟ' (ਬਿੱਲ ਸੀ-9) ਦਾ ਨਾਂ ਦਿੱਤਾ ਗਿਆ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਕੈਨੇਡਾ ਵਿੱਚ ਧਾਰਮਿਕ ਪ੍ਰਗਟਾਵੇ ਦੀ ਆਜ਼ਾਦੀ, ਖਾਸ ਕਰ ਕੇ ਈਸਾਈ ਭਾਈਚਾਰੇ ਵਲੋਂ ਬਾਈਬਲ ਦੇ ਹਵਾਲੇ ਦੇਣ ਦੀ ਆਜ਼ਾਦੀ 'ਤੇ ਸੰਕਟ ਦੇ ਬੱਦਲ ਛਾ ਗਏ ਹਨ।

ਇਸ ਬਿੱਲ ਨੂੰ ਸੱਤਾਧਾਰੀ ਲਿਬਰਲ ਪਾਰਟੀ ਅਤੇ ਬਲਾਕ ਕਿਊਬੇਕੋਇਸ ਦੇ ਸਮਰਥਨ ਨਾਲ 186-137 ਵੋਟਾਂ ਨਾਲ ਪਾਸ ਕੀਤਾ ਗਿਆ। ਦੂਜੇ ਪਾਸੇ, ਕੰਜ਼ਰਵੇਟਿਵ, ਨਿਊ ਡੈਮੋਕ੍ਰੇਟਿਕ ਪਾਰਟੀ ਅਤੇ ਗ੍ਰੀਨ ਪਾਰਟੀ ਦੇ ਸੰਸਦ ਮੈਂਬਰਾਂ ਨੇ ਇਸ ਦੇ ਵਿਰੁੱਧ ਇੱਕਜੁੱਟਤਾ ਦਿਖਾਈ, ਪਰ ਉਹ ਇਸ ਨੂੰ ਪਾਸ ਹੋਣ ਤੋਂ ਨਹੀਂ ਰੋਕ ਸਕੇ। ਹੁਣ ਇਹ ਬਿੱਲ ਸਮੀਖਿਆ ਲਈ ਸੈਨੇਟ ਕੋਲ ਭੇਜਿਆ ਜਾਵੇਗਾ।

ਇਹ ਨਵਾਂ ਕਾਨੂੰਨ ਕੈਨੇਡਾ ਦੇ ਅਪਰਾਧਿਕ ਕੋਡ 'ਚ ਸੋਧ ਕਰਦਾ ਹੈ।



ਸਰਕਾਰ ਦਾ ਦਾਅਵਾ ਹੈ ਕਿ ਇਸ ਦਾ ਉਦੇਸ਼ ਧਾਰਮਿਕ ਤੇ ਸੱਭਿਆਚਾਰਕ ਸਥਾਨਾਂ ਦੀ ਬਿਹਤਰ ਸੁਰੱਖ਼ਿਆ ਕਰਨਾ ਤੇ ਨਫ਼ਰਤ ਭਰੇ ਅਪਰਾਧਾਂ ਨੂੰ ਨੱਥ ਪਾਉਣਾ ਹੈ। ਹਾਲਾਂਕਿ, ਇਸ ਬਿੱਲ ਦੀ ਸਭ ਤੋਂ ਵੱਧ ਆਲੋਚਨਾ ਇਸ ਲਈ ਹੋ ਰਹੀ ਹੈ ਕਿਉਂਕਿ ਇਹ ਧਾਰਮਿਕ ਗ੍ਰੰਥਾਂ ਜਾਂ ਵਿਸ਼ਿਆਂ ਦੇ ਆਧਾਰ 'ਤੇ ਦਿੱਤੇ ਗਏ ਵਿੱਚਾਰਾਂ ਨੂੰ 'ਹੇਟ ਸਪੀਚ' (ਨਫ਼ਰਤ ਭਰੇ ਭਾਸ਼ਣ) ਦੇ ਦੋਸ਼ਾਂ ਤੋਂ ਮਿਲਦੀ ਕਾਨੂੰਨੀ ਸੁਰੱਖ਼ਿਆ ਨੂੰ ਖ਼ਤਮ ਕਰਦਾ ਹੈ।

ਰਿਪੋਰਟਾਂ ਅਨੁਸਾਰ, ਇਸ ਬਿੱਲ ਦੇ ਲਾਗੂ ਹੋਣ ਤੋਂ ਬਾਅਦ ਸਮਲਿੰਗਤਾ ਅਤੇ ਲਿੰਗ ਵਰਗੇ ਮੁੱਦਿਆਂ 'ਤੇ ਧਾਰਮਿਕ ਪਾਠਾਂ ਜਾਂ ਬਾਈਬਲ ਦੇ ਹਵਾਲੇ ਦੇਣ ਨੂੰ ਅਪਰਾਧ ਮੰਨਿਆ ਜਾ ਸਕਦਾ ਹੈ। ਕੰਜ਼ਰਵੇਟਿਵ ਪਾਰਟੀ ਨੇ ਬਿੱਲ ਦੀ ਸ਼ਬਦਾਵਲੀ ਵਿੱਚ ਸੋਧ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਲਿਬਰਲ ਸੰਸਦ ਮੈਂਬਰਾਂ ਨੇ ਕਮੇਟੀ ਪੱਧਰ 'ਤੇ ਬਹਿਸ ਨੂੰ ਰੋਕ ਕੇ ਇਸ ਨੂੰ ਅੱਗੇ ਵਧਾ ਦਿੱਤਾ।

ਇਸ ਕਦਮ ਨਾਲ ਕੈਨੇਡਾ ਵਿੱਚ ਪ੍ਰਗਟਾਵੇ ਦੀ ਆਜ਼ਾਦੀ ਅਤੇ ਧਾਰਮਿਕ ਵਿਸ਼ਵਾਸਾਂ ਨੂੰ ਲੈ ਕੇ ਇੱਕ ਨਵੀਂ ਕਾਨੂੰਨੀ ਅਤੇ ਸਿਆਸੀ ਬਹਿਸ ਛਿੜ ਗਈ ਹੈ।

# ਸਪੇਨ 'ਚ ਪਿਤਾ ਨਾਲ ਕਾਨੂੰਨੀ ਲੜਾਈ ਤੋਂ ਬਾਅਦ ਮਿਲੀ ਇੱਛਾ ਮੌਤ

ਬਾਰਸੀਲੋਨਾ , 29 ਮਾਰਚ (ਪ੍ਰਤੀਨਿਧੀ) : ਸਪੇਨ ਵਿੱਚ 25 ਸਾਲਾ ਨੋਏਲੀਆ ਕਾਸਤੀਲੋ ਨੇ ਇੱਕ ਲੰਬੀ ਕਾਨੂੰਨੀ ਲੜਾਈ ਤੋਂ ਬਾਅਦ ਇੱਛਾ ਮੌਤ ਰਾਹੀਂ ਆਪਣੀ ਜੀਵਨ ਲੀਲਾ ਖ਼ਤਮ ਕਰ ਲਈ ਹੈ। ਨੋਏਲੀਆ ਨੂੰ ਇੱਛਾ ਮੌਤ ਲਈ ਆਪਣੇ ਪਿਤਾ ਨਾਲ ਵੀ ਕਾਨੂੰਨੀ ਲੜਾਈ ਲੜਨੀ ਪਈ, ਕਿਉਂਕਿ ਉਹ ਇਸ ਦੇ ਵਿਰੋਧ ਵਿੱਚ ਸਨ।

ਬਾਰਸੀਲੋਨਾ ਦੀ ਰਹਿਣ ਵਾਲੀ ਨੋਏਲੀਆ ਦਾ 2022 ਵਿੱਚ ਇੱਕ ਫ਼ੈਸਿਲਿਟੀ ਸੈਂਟਰ ਵਿੱਚ 3 ਨੌਜਵਾਨਾਂ ਵਲੋਂ ਬਲਾਤਕਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਨੋਏਲੀਆ ਨੇ



ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ ਅਤੇ 5ਵੀਂ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਹਾਲਾਂਕਿ ਉਹ ਇਸ ਘਟਨਾ ਵਿੱਚ ਬਚ ਗਈ ਪਰ ਉਸ ਦੀ ਰੀੜ੍ਹ ਦੀ ਹੱਡੀ ਵਿੱਚ ਗੰਭੀਰ ਸੱਟ ਲੱਗੀ, ਜਿਸ ਕਾਰਨ ਉਹ ਕਮਰ ਤੋਂ ਹੇਠਾਂ ਲਕਵਾਗ੍ਰਸਤ ਹੋ ਗਈ। ਇਸ ਤੋਂ ਬਾਅਦ ਉਹ ਲਗਾਤਾਰ ਸਰੀਰਕ ਦਰਦ ਅਤੇ ਮਾਨਸਿਕ ਤਣਾਅ ਨਾਲ ਜੂਝ ਰਹੀ ਸੀ। ਨੋਏਲੀਆ ਨੇ 2024 ਵਿੱਚ ਇੱਛਾ ਮੌਤ ਲਈ ਅਰਜ਼ੀ ਦਿੱਤੀ ਸੀ, ਜਿਸ ਨੂੰ ਕੈਟਾਲੋਨੀਆ ਸਰਕਾਰ ਨੇ ਮਨਜ਼ੂਰੀ ਵੀ ਦੇ ਦਿੱਤੀ ਸੀ ਪਰ ਆਖਰੀ ਸਮੇਂ 'ਤੇ ਉਸ ਦੇ ਪਿਤਾ ਨੇ ਅਦਾਲਤ ਵਿੱਚ ਇਤਰਾਜ਼ ਦਰਜ ਕਰਵਾਇਆ ਅਤੇ ਪ੍ਰਕਿਰਿਆ ਰੁਕਵਾ ਦਿੱਤੀ ਸੀ। ਕਰੀਬ 18 ਮਹੀਨਿਆਂ ਬਾਅਦ ਉਸ ਨੇ 2021 'ਚ ਲਾਗੂ ਹੋਏ ਸਪੇਨ ਦੇ ਇੱਛਾ ਮੌਤ ਕਾਨੂੰਨ ਤਹਿਤ ਆਪਣੀ ਜ਼ਿੰਦਗੀ ਖ਼ਤਮ ਕਰਨ ਦੀ ਇਜਾਜ਼ਤ ਹਾਸਲ ਕੀਤੀ।

# ਵਿੱਦਿਆਰਥੀ ਨੂੰ ਅੱਗ ਤੋਂ ਬਚਾਉਣ ਵਾਲੇ ਅਧਿਆਪਕ ਦਾ ਸਨਮਾਨ

ਵੈਨਕੂਵਰ, 29 ਮਾਰਚ (ਪ੍ਰਤੀਨਿਧੀ) : ਕੈਨੇਡਾ ਦੇ ਸਸਕਾਟੂਨ ਸ਼ਹਿਰ ਵਿੱਚ ਇੱਕ ਅਧਿਆਪਕ ਵਲੋਂ ਵਿੱਦਿਆਰਥੀ ਦੀ ਜਾਨ ਬਚਾਉਣ ਲਈ ਦਿਖਾਈ ਗਈ ਬਹਾਦਰੀ ਵਜੋਂ ਸਨਮਾਨਿਤ ਕੀਤਾ ਗਿਆ ਹੈ।



ਸੀਨ ਹੇਜ਼ ਨਾਮ ਦੇ ਇਸ ਅਧਿਆਪਕ ਨੇ ਕਿਹਾ ਕਿ ਅਚਾਨਕ ਅੱਗ ਲੱਗਣ ਦੀ ਘਟਨਾ ਸਮੇਂ ਉਸ ਕੋਲ ਸੋਚਣ ਜਾਂ ਕੋਈ ਯੋਜਨਾ ਬਣਾਉਣ ਲਈ ਸਮਾਂ ਹੀ ਨਹੀਂ ਸੀ ਅਤੇ ਉਹਨਾਂ ਨੇ ਤੁਰੰਤ ਕਾਰਵਾਈ ਕਰਦੇ ਹੋਏ ਵਿੱਦਿਆਰਥੀ ਦੀ ਜਾਨ ਬਚਾਈ। ਇਹ ਘਟਨਾ 5 ਸਤੰਬਰ 2024 ਨੂੰ ਸਸਕਾਟੂਨ ਦੇ ਇੱਕ ਹਾਈ ਸਕੂਲ ਵਿੱਚ ਵਾਪਰੀ ਸੀ, ਜਿੱਥੇ ਇੱਕ ਵਿੱਦਿਆਰਥੀ ਅਚਾਨਕ ਅੱਗ ਦੀ ਲਪੇਟ ਵਿੱਚ ਆ ਗਿਆ ਸੀ।

ਜਾਣਕਾਰੀ ਅਨੁਸਾਰ ਇਸ ਹਫ਼ਤੇ ਕਾਰਨੇਗੀ ਹੀਰੋ ਫ਼ੰਡ ਵਲੋਂ ਸਨਮਾਨ ਮਿਲਣ ਤੋਂ ਬਾਅਦ ਸੀਨ ਹੇਜ਼ ਨੇ ਪਹਿਲੀ ਵਾਰ ਇਸ ਘਟਨਾ ਬਾਰੇ ਜਨਤਕ ਤੌਰ 'ਤੇ ਆਪਣੀ ਚੁੱਪੀ ਤੋੜੀ ਅਤੇ ਇੱਕ ਸੰਖੇਪ ਬਿਆਨ ਜਾਰੀ ਕੀਤਾ।

# ਆਸਟ੍ਰੇਲੀਆ 'ਚ ਸਮਾਂ ਤਬਦੀਲੀ 5 ਅਪ੍ਰੈਲ ਨੂੰ

ਮੈਲਬੌਰਨ, 29 ਮਾਰਚ (ਪ੍ਰਤੀਨਿਧੀ) : 'ਡੇਅ ਲਾਈਟ ਸੇਵਿੰਗ' ਨਿਯਮ ਅਧੀਨ ਐਤਵਾਰ 5 ਅਪ੍ਰੈਲ ਤੋਂ ਆਸਟ੍ਰੇਲੀਆ ਦੀਆਂ ਘੜੀਆਂ ਮੌਜੂਦਾ ਸਮੇਂ ਤੋਂ ਇੱਕ ਘੰਟਾ ਪਿੱਛੇ ਹੋ ਜਾਣਗੀਆ। ਇਹ ਤਬਦੀਲੀ ਵਿਕਟੋਰੀਆ, ਨਿਊ ਸਾਊਥ ਵੇਲਜ਼, ਤਸਮਾਨੀਆ, ਦੱਖਣੀ ਆਸਟ੍ਰੇਲੀਆ ਅਤੇ ਆਸਟ੍ਰੇਲੀਆਈ ਕੈਪੀਟਲ ਟੈਰੀਟਰੀ ਵਿੱਚ ਹੀ ਲਾਗੂ ਹੋਵੇਗੀ ਜਦਕਿ ਕੁਈਂਜ਼ਲੈਂਡ, ਪੱਛਮੀ ਆਸਟ੍ਰੇਲੀਆ ਅਤੇ ਨੌਰਦਨ ਟੈਰੀਟਰੀ ਦੇ ਸਮੇਂ ਵਿੱਚ ਕੋਈ ਬਦਲਾਅ ਨਹੀ ਹੋਵੇਗਾ।



'ਡੇਅ ਲਾਈਟ ਸੇਵਿੰਗ 'ਅਧੀਨ ਇਹ ਤਬਦੀਲੀ ਸਾਲ ਵਿੱਚ ਦੋ ਵਾਰ ਸੂਰਜ ਦੇ ਚੜਨ ਅਤੇ ਛਿਪਣ ਅਨੁਸਾਰ ਕੀਤੀ ਜਾਂਦੀ ਹੈ। 5 ਅਪ੍ਰੈਲ ਤੋਂ ਆਸਟਰੇਲੀਆਈ ਘੜੀਆਂ ਸਵੇਰੇ 3 ਵਜੇਂ ਤੋਂ ਇੱਕ ਘੰਟਾ ਪਿੱਛੇ ਹੋ ਜਾਣਗੀਆਂ ਅਤੇ ਗਰਮ ਰੁੱਤ ਦੀ ਸ਼ੁਰੂਆਤ 'ਤੇ ਮੁੜ ਦੁਬਾਰਾ 4 ਅਕਤੂਬਰ 2026 ਨੂੰ ਇੱਕ ਘੰਟਾ ਅੱਗੇ ਹੋ ਜਾਣਗੀਆ। ਇਹ ਬਦਲਾਅ ਗਰਮੀਆਂ ਅਤੇ ਸਰਦੀਆਂ ਨੂੰ ਨਿਯਮਤ ਰੂਪ ਵਿੱਚ ਚਲਾਉਣ ਅਤੇ ਬਿਜਲੀ ਦੀ ਬੱਚਤ ਵਿੱਚ ਲਾਹੇਵੰਦ ਸਿੱਧ ਹੁੰਦਾ ਹੈ। ਇਸ ਤਬਦੀਲੀ ਤੋਂ ਬਾਅਦ ਮੈਲਬੌਰਨ-ਸਿਡਨੀ ਸਮੇਂ ਦਾ ਭਾਰਤੀ ਸਮੇਂ ਤੋਂ ਸਾਢੇ ਚਾਰ ਘੰਟੇ ਦਾ ਫ਼ਰਕ ਹੋਵੇਗਾ। ਭਾਰਤ ਤੋਂ ਉਲਟ ਮੌਸਮ ਹੋਣ ਕਾਰਨ ਆਸਟ੍ਰੇਲੀਆ ਵਿੱਚ ਇਸ ਸਮੇਂ ਸਰਦ ਰੁੱਤ ਦਾ ਆਗਾਜ਼ ਹੋ ਰਿਹਾ ਹੈ।